# ਵਰਿਆਮ

ਸਤੰਬਰ - ਅਕਤੂਬਰ ੧੯੯੪ ੪/-


ਕਾਫੀ

## ਤੂੰ [illegible] ਯਾਰਾ

[illegible] ਸਿੰਘ ਰਾਹੀ

ਤੂੰ ਬੋੜ੍ਹੀਂ [illegible] ੜੀਂ ਵੇ ।
ਸਾਡੀ ਹੋ[illegible] ਨਚੋੜੀ ਵੇ ।

---

ਸੱਭ ਖੇੜਾਂ [illegible] ਬਣ ਗਈਆਂ ।
ਪੱਗਾਂ ਕਈ ਲੜਕਾਂ ਬਣ ਗਈਆਂ ।
ਕਈ ਆਕਲ ਪਾਗਲ ਹੋ ਗਏ ਨੇ ।
ਕਈ ਪਾਗਲ ਆਕਲ ਹੋ ਗਏ ਨੇ ।
ਬੰਦੇ ਵਿਚ ਰਾਕਸ਼ ਆ ਬੈਠਾ,
ਗੱਲ ਪਰਬੱਤ ਬਣ ਗਈ ਥੋੜੀ ਵੀ ।
ਤੂੰ ਬੋੜ੍ਹੀਂ... ... ...

---

ਸੱਚ ਏਸ ਜਨੂਨ ਨੇ ਖੋ ਲਿਆ ਹੈ ।
ਅੱਜ ਝੂਠ ਦੇਵਤਾ ਹੋ ਗਿਆ ਹੈ ।
ਕਲਮਾਂ ਕਈ ਅੱਖੀਆਂ ਮੀਟ ਗਈਆਂ ।
ਕਈ ਲਹੂ ਦੀ ਲੀਕ ਝਰੀਟ ਗਈਆਂ ।
ਜੋ ਸ਼ਰਧਾ ਹੈਸੀ ਸ਼ਹਿਤ ਜਹੀ,
ਅੱਜ ਬਣ ਗਈ ਹੈ ਉਹ ਕੌੜੀ ਵੇ ।

---

ਕੁਝ ਮਕੜੀਆਂ ਜਾਲਾ ਤਣਦੀਆਂ ਨੇ ।
ਖੰਭਾਂ ਦੀਆਂ ਡਾਰਾਂ ਬਣਦੀਆਂ ਨੇ ।
ਪਏ ਗੋਲੀਆਂ ਦੇ ਮੀਂਹ ਵਸਦੇ ਨੇ ।
ਬੱਸਾਂ ਚੋਂ ਮੁਰਦੇ ਨੱਸਦੇ ਨੇ ।
ਹੁਣ ਧਰਮ ਦੇ ਅਸਲਾਖਾਨੇ ਚੋਂ,
ਹੈ ਭਗਤੀ ਕਿਸੇ ਘਰੋੜੀ ਵੇ ।
ਤੂੰ ਬੋੜ੍ਹੀਂ... ... ...

---

ਕਿਤੇ ਹੁੰਦੀ ਹਾਹਾਕਾਰ ਪਈ ।
ਕਿਤੇ ਦਿਸਦੀ ਹੈ ਦਹਿਸ਼ਤ ਪਈ ।
ਕਿਤੇ ਕਾਤਲ ਫਿਰਦੇ ਕਤਲ ਲਈ ।
ਕਿਸੇ ਸਿਆਸਤ ਆਪਣੀ ਵਰਤ ਲਈ ।
ਮੰਦਰ ਸੀ ਅੰਬਰ ਇਕ ਖੁਹਲਾ,
ਹੁਣ ਧਰਤੀ ਉਸ ਦੀ ਥੋੜ੍ਹੀਂ ਵੇ ।
ਤੂੰ ਬੋੜ੍ਹੀਂ... ... ...

---

ਮਾਲਾਂ ਕਿਉਂ ਗੱਨਾਂ ਬਣ ਗਈਆਂ ।
ਗੰਦੀਆਂ ਹੀ ਤਮੰਨਾਂ ਬਣ ਗਈਆਂ ।
ਅੰਮ੍ਰਿਤ ਵਿਚ ਜ਼ਹਿਰ ਡਬੋਇਆ ਕਿਉਂ ?
ਇਹ ਘਲੂਘਾਰਾ ਹੋਇਆ ਕਿਉਂ ?
ਕੋਈ ਮੁਢ ਤੋਂ ਸਾਕਾ ਮਿਣਦਾ ਨਹੀਂ,
ਜੱਗ ਸਾਰਾ ਮਾਰੇ ਤੋੜੀ ਵੇ ।
ਤੂੰ ਬੋੜ੍ਹੀਂ... ... ...

---

ਆਉ ਲਭੀਏ ਸੁੱਖ ਸੰਤਾਨਾ ਦੇ ।
ਨਾ ਪਈਏ ਵੱਸ ਸ਼ਿਤਾਨਾਂ ਦੇ
ਨਸ਼ਕਾਮ ਪ੍ਰੇਮ ਨੂੰ ਰੱਬ ਕਹਿੰਦੇ ।
ਵਤਨੀ ਨਹੀਂ ਆਪੋ ਵਿਚ ਖਹਿੰਦੇ ।
ਬੰਦੇ ਲਈ ਬੰਦਾ ਬਣਿਆ ਹੈ,
ਜਾਵੇ ਨਾ ਪ੍ਰੀਤ ਮਰੋੜੀ ਵੇ ।
ਤੂੰ ਬੋੜ੍ਹੀਂ... ... ...

---

ਤੂੰ ਬੋੜ੍ਹੀਂ ਯਾਰਾ ਬੋੜ੍ਹੀਂ ਵੇ ।
ਸਾਡੀ ਹੋਣੀਆਂ ਰੱਤ ਨਚੋੜੀ ਵੇ ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

**PLEASE CONTACT**

Phones : Office : 258411
" : 250345
Resi. : 213054

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.




Sri Satguru Jagjit Singh Ji Elibrary NamdhariElibrary@gmail.com

**THE TRADERS' BANK LTD.**

**COMPLETES**

# 50

**(1933–1983)**

**YEARS OF DEDICATED SERVICE TO THE NATION**

WE PAY ·25% MORE INTEREST ON SAVINGS
AND TERM DEPOSITS
UPTO 3 YEARS THAN OTHER SCHEDULED
COMMERCIAL BANKS

***Invest in our attractive deposits schemes and grow with the growing Bank***

**Branches in : PUNJAB, HARYANA, U. P. & DELHI**

## THE TRADERS' BANK LTD.

(Regd. & H. O. H-72, Connought Circus, New Delhi)

(Scheduled Bank)

S. PARKASH SINGH
General Manager

S. SHER SINGH SINDHU
Chairman



Sri Satguru Jagjit Singh Ji Elibrary NamdhariElibrary@gmail.com

HIGH CLASS GUN MANUFACTURERS

AND

REPAIRERS

# FREE INDIA GUN MANUFACTURERS

(Industrial Estate, Extention Area, Jammu Cantt.)

Phone No. 43260



(SINGLE BARREL OR DOUBLE BARREL) 12 Bore Guns

## Once Purchased Ever Purchased

AS
BEST QUALITY OF THE DAY
IS
OUR MOTTO
IN NEED CONTACT US FOR BARGAIN
WITH FULL CONFIDENCE





Sri Satguru Jagjit Singh Ji Elibrary NamdhariElibrary@gmail.com

ਮਾਸਕ ਵਰਿਆਮ

ਸਤੰਬਰ ਅਕਤਬਰ ੧੯੮੪

ਜਿਲਦ ਨੰ: ੯ ਅੰਕ ਨੰ: ੯-੧੦

ਸੰਪਾਦਕ : ਜਗਦੀਸ਼ ਸਿੰਘ

ਮੁੱਲ ਪ੍ਰਤੀ ਕਾਪੀ : ੪-੦੦ ਰੁਪਏ

ਸਾਲਾਨਾ ਚੰਦਾ ਦੇਸ : ੨੦ ਰੁਪਏ

ਸਾਲਾਨਾ ਚੰਦਾ ਵਿਦੇਸ਼ : ੫੦ ਰੁਪਏ (ਸਮੁੰਦਰੀ ਡਾਕ ਰਾਹੀਂ)

,, ,, ਵਿਦੇਸ਼ : ੨੦੦ ਰੁਪਏ (ਹਵਾਈ ਡਾਕ ਰਾਹੀਂ

ਲਾਈਫ ਮੈਂਬਰਸ਼ਿਪ : ੩੦੦ ਰੁਪਏ ਕੇਵਲ ਦੇਸ ਵਿਚ

ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
ਜਲੰਧਰ-੧੪੪੦੦੧
ਫੋਨ : ੭੨੫੦੪ ਪੀ. ਪੀ.

Office Address
Monthly WARIAM
(Punjabi)
Ladowali Road
Jalandhar-144001
Phone : 72504 PP

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

## ਪਿਆਰੇ ਪਾਠਕੋ

ਜਦੋਂ ਦੇਸ਼ ਸੰਤਾਪ ਭੋਗ ਰਿਹਾ ਹੈ ਤਾਂ ਵਰਿਆਮ ਵੀ ਆਪਣੇ ਜੀਵਨ ਦੇ ਮਹਾਨ ਸੰਕਟ ਵਿਚੋਂ ਲੰਘ ਰਿਹਾ ਹੈ। ਇਸੇ ਵਾਸਤੇ ਤੁਹਾਡੇ ਤੱਕ ਅਪੜਣ ਵਾਸਤੇ ਹਰ ਪ੍ਰਕਾਰ ਦੀਆਂ ਰੋਕਾਂ ਲੰਘ ਕੇ ਆਉਣਾ ਪੈ ਰਿਹਾ ਹੈ। ਕਾਫ਼ੀ ਸਮਾਂ ਹੋ ਗਿਆ ਹੈ ਅਸੀਂ ਪਾਠਕਾਂ ਅਤੇ ਵਰਿਆਮ ਸਰਪ੍ਰਸਤਾਂ ਨਾਲ ਮਨ ਸਾਂਝਾ ਨਹੀ ਕਰ ਸਕੇ। ਇਹ ਮਜਬੂਰੀ ਵਕਤ ਨੇ ਸਾਡੇ ਤੇ ਥੱਪੀ ਹੈ। ਤੁਸੀਂ ਉਡੀਕ ਰਹੇ ਹੋ ਕਿ ਚਲੰਤ ਮਾਮਲਿਆਂ ਉਤੇ ਤੁਹਾਡੇ ਨਾਲ ਗੱਲ ਕੀਤੀ ਜਾਵੇ। ਅਸੀਂ ਜ਼ਰੂਰ ਕਰਾਂਗੇ ਜ਼ਰਾ ਇੰਤਜ਼ਾਰ ਕਰੋ। ਦੇਸ਼ ਦੇ ਸਿਆਸੀ ਹਾਲਾਤ ਆਰਥਕ ਮਜਬੂਰੀਆਂ, ਬਿਜਲੀ ਤੋਂ ਸਖਣਾ ਪੰਜਾਬ ਅਤੇ ਹੋਰ ਬਹੁਤ ਸਾਰੀਆਂ ਗਲਾਂ ਤੁਹਾਡੇ ਤਕ ਪੁਜਣ ਲਈ ਬਾਰ ਬਾਰ ਰੋਕ ਪਾਉਂਦੀਆਂ ਹਨ। ਇਸ ਸਖਿਤੀ ਵਿਚ ਤੁਸੀਂ ਸਾਡਾ ਸਾਥ ਦਿਓ। ਅਰਦਾਸ ਕਰੋ ਕਿ ਸਭ ਠੀਕ ਹੋਵੇ।

ਅਸੀਂ ਕੰਬਲੀ ਭਿਓਂ ਕੇ ਵੀ ਤੁਹਾਡੇ ਤਕ ਅਪੜਾਂਗੇ ਅਤੇ ਨਿਹੁੰ ਨਿਭਾਵਾਂਗੇ।

ਵਿਸਥਾਰ ਨਾਲ ਫੇਰ ਸੰਵਾਦ ਕਰਾਂਗੇ।

—ਜਗਦੀਸ਼ ਸਿੰਘ

**ਪਾਠਕ ਜੀ :—ਵਰਿਆਮ ਦੇ ਆਪਣੇ ਵਲ ਬਕਾਇਆ ਚੰਦੇ ਛੇਤੀ ਤੋਂ ਛੇਤੀ ਭੇਜੋ। ਤੁਹਾਡੇ ਪਰਚਾ ਤਦ ਹੀ ਆਉਂਦਾ ਰਹਿ ਸਕੇਗਾ।**

**—ਮੈਨੇਜਰ**



Sri Satguru Jagjit Singh Ji Elibrary NamdhariElibrary@gmail.com

# ਚੌਗਿਰਦਾ

## ...ਪਰ ਆਪਣੀ ਵਹੁਟੀ ਨੂੰ ਰਾਜੀ ਨਾ ਕਰ ਸਕਿਆ

ਰਾਜਪੁਰਾ—ਫੈਮਲੀ ਪਲੈਨਿੰਗ ਦਾ ਪ੍ਰਚਾਰ ਕਰਕੇ ਬਹੁਤ ਸਾਰੇ ਲੋਕਾਂ ਦੇ ਓਪਰੇਸ਼ਨ ਕਰਾਉਣ 'ਚ ਵਿਸ਼ੇਸ਼ ਹਿਸਾ ਪਾਉਣ ਵਾਲਾ ਸਿਹਤ ਵਿਭਾਗ ਦਾ ਇਕ ਮੁਲਾਜ਼ਮ ਸਾਧੂ ਰਾਮ ਆਪਣੀ ਪਤਨੀ ਨੂੰ ਫੈਮਲੀ ਪਲੈਨਿੰਗ ਬਾਰੇ ਰਜ਼ਾਮੰਦ ਨਹੀਂ ਕਰ ਸਕਿਆ ਇਹ ਇੰਕਸ਼ਾਫ ਇਥੇ ਫੈਮਲੀ ਪਲੈਨਿੰਗ ਦੇ ਇਕ ਸਮਾਗਮ ਵਿਚ ਹੋਇਆ ਇੰਕਸ਼ਾਫ ਅਨੁਸਾਰ ਸਾਧੂ ਰਾਮ ਦੀ ਪਤਨੀ ੧੧ ਬੱਚਿਆਂ ਦੀ ਮਾਂ ਹੈ ।

## ਕੁੱਤਾ ਕਾਰ ਚਲਾਏਗਾ

ਵੂਪਰਤਾਲ (ਪੱ: ਜਰਮਨੀ)—ਸਥਾਨਕ ਮਿਊਂਸਪੈਲਟੀ ਨੇ ਪੁਲਿਸ ਦੇ ਇਕ ਚਾਰ ਸਾਲਾ ਗੱਦੀ ਕੁੱਤੇ 'ਅਜੈਕਸ' ਨੂੰ ਡਰਾਈਵਿੰਗ ਲਾਇਸੰਸ ਜਾਰੀ ਕੀਤਾ ਹੈ ਤਾਂ ਕਿ ਉਹ ਪੁਲਸ ਮਿਊਜ਼ੀਕਲ ਸ਼ੋ ਸਮੇਂ ਕਾਰ ਚਲਾ ਸਕੇ ।

ਜਰਮਨ ਅਖਬਾਰ 'ਬੋਨਰ ਰੁਡਸ਼ਾਉ' ਅਨੁਸਾਰ ਅਜੈਕਸ ਨੂੰ ਡਾਕਟਰੀ ਇਮ-ਤਿਹਾਨ 'ਚੋਂ ਲੰਘਣਾ ਪਏਗਾ ਤੇ ਉਸ ਦੀ ਨਜ਼ਰ ਵੀ ਟੈਸਟ ਕੀਤੀ ਜਾਵੇਗੀ । ਪੁਲਸ ਟੋਪੀ ਪਾਈ ਐਨਕਾਂ ਲਾਈ ਅਜੈਕਸ ਸ਼ੋ ਸਮੇਂ ਸਟੇਡੀਅਮ ਵਿਚ ਸੋਧੀ ਹੋਈ ਪੁਲਸ ਕਾਰ ਚਲਾਏਗਾ ਅਤੇ ਇਕ ਮੁਜਰਮ ਨੂੰ ਫੜੇਗਾ ਤੇ ਉਸ ਨੂੰ ਕਾਰ ਵਿਚ ਬਿਠਾ ਕੇ ਜੇਲ੍ਹ ਲੈ ਜਾਏਗਾ ।

## ਵਾਲ ਦੀਆਂ ੪੦ ਖੱਲਾਂ ਲਾਹੁਣ ਵਾਲਾ :

ਬੰਗਲੌਰ—ਇਕ ਹੱਥ ਵਿਚ ਬੋਰਡ ਤੇ ਦੂਸਰੇ ਹੱਥ ਵਿਚ ਮਨੁਖੀ ਵਾਲ ਲੈ ਕੇ ਉਹ ਘੰਟਿਆਂ ਵਿਚ ਉਸ ਵਾਲ ਨੂੰ ੪੦ ਅਤਿ ਮਹੀਨ ਲੜੀਆਂ ਵਿਚ ਚੀਰ ਦਿੰਦਾ ਹੈ । ਉਹ ਇਕ ਖਾਸ ਸੂਈ ਨਾਲ ਚੌਲਾਂ ਦੇ ਦਾਣੇ ਉਤੇ ਅੰਗਰੇਜ਼ੀ ਦੀ ਪੂਰੀ ਪੈਂਤੀ ੧੯੦ ਵਾਰ ਉਕਰ ਦਿੰਦਾ ਹੈ । ਬੜੇ ਹੀ ਬਰੀਕ ਕੰਮ ਦਾ ਇਹ ਉਸਦਾਦ ੫੦ ਸਾਲ ਦਾ ਟੀ. ਨੰਜਪਾ ਹੈ । ਉਹ ਹਿੰਦੁਸਤਾਨ ਏਅਰੋਨਾਟਿਕਸ ਵਿਚ ਐਂਜੀਨੀਅਰ ਹੈ । ਗਿੰਨੀਜ਼ ਬੁਕ ਆਫ ਰਿਕਾਰਡਜ਼ 'ਚ ਸਾਲ ੧੯੮੩ ਲਈ ਐਲਬਟਲ ਵੇਸ ਦੇ ਜ਼ੋਆ ਦਾ ਜ਼ਿਕਰ ਹੈ ਜਿਹੜਾ ਇਕ ਵਾਲ ਨੂੰ ੧੭ ਲੜੀਆਂ ਵਿਚ ਚੀਰ ਦਿੰਦਾ ਸੀ । ਨੰਜੱਪਾ ਨੇ ਚੌਲਾਂ ਦੇ ਦਾਣਿਆਂ ਉਤੇ ੧੩ ਵੱਖ ਵੱਖ ਮਹਾਨ ਸ਼ਖਸੀਅਤਾਂ ਦੇ ਚਿੱਤਰ ਬਣਾਏ ਹਨ । ਚੌਲਾਂ ਦੇ ਦਾਣਿਆਂ ਉਤੇ ਹੀ ਹਿੰਦੁ-ਸਤਾਨ ਏਅਰੋਨਾਟਿਕਸ ਦੇ ੧੨ ਵਖ ਵਖ ਜਹਾਜ਼ਾਂ ਦੇ ਬਣਾਏ ਚਿੱਤਰਾਂ ਦੀ ਨੁਮਾਇਸ਼ ਫਾਰਨਬਰੋ ਏਅਰਸ਼ੋਅ ਵਿਚ ਕੀਤੀ ਜਾ ਰਹੀ ਹੈ । ਉਸ ਨੇ ਦਸਿਆ ਕਿ ਮਹੀਨ ਕਲਾ ਵਿਚ ਉਸਦੀ ਦਿਲਚਸਪੀ ੨੦ ਸਾਲ ਪਹਿਲਾਂ ਸ਼ੁਰੂ ਹੋਈ ਸੀ ।

## ਹਾਸਾ-ਸਮੇਂ ਦੀ ਲੋੜ

ਨਵੀਂ ਦਿੱਲੀ—ਲਥੇ ਹੋਏ ਚਿਹਰੇ, ਰੋਂਦੂ ਸ਼ਬਦ, ਚੀਕਵੀਆਂ ਆਵਾਜ਼ਾਂ ਤੇ ਹਾਸੇ-ਭਰੇ ਵਿਵਾਦ ਸੰਸਾਰ ਨੂੰ ਬੇਰੰਗ, ਘਸਮੈਲ ਤੇ ਅਕਾਊ ਬਣਾ ਰਹੇ ਹਨ । ਹਾਸਾ ਸਮੇਂ ਦੀ ਸਭ ਤੋਂ ਵਡੀ ਲੋੜ ਹੈ । ਅਹਿਸਾਸ ਜਿਸ ਦੇ ਤਹਿਤ ਦੇਸ਼ ਦੀਆਂ ਕੁਲ ਨਾਮਵਰ ਸਾਹਿਤਕ ਸ਼ਖਸੀਅਤਾਂ, ਸੰਸਾਰ ਭਰ ਦੇ ਉਘੇ ਹਾਸ ਲੇਖਕਾਂ ਤੇ ਕਲਾਕਾਰਾਂ ਨੂੰ ਇਕ ਪਲੇਟ ਫਾਰਮ ਉਤੇ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ । ਇਹ ਸਾਰੇ ਚਾਰ ਚਾਰ ਦਿਨ "ਸੰਸਾਰ ਹਾਸ ਸੰਮੇਲਨ" ੧੯ ਨਵੰਬਰ ਤੋਂ ਹੈਦਰਾਬਾਦ, ਆਂਧਰਾ ਵਿਚ ਸ਼ੁਰੂ ਹੋ ਰਿਹਾ ਹੈ ।

ਸੰਮੇਲਨ ਦੀ ਆਰਗੇਨਾਈਜ਼ਿੰਗ ਕਮੇਟੀ ਦੇ ਪ੍ਰਧਾਨ ਐਨ. ਐਸ. ਲੂਥਰ ਅਤੇ ਮੈਂਬਰ ਮੁਜਤਬਾ ਹੁਸੈਨ ਨੇ ਕਿਹਾ ਕਿ ਜਿਹਨਾਂ ਸੰਸਾਰ ਸ਼ਖਸੀਅਤਾਂ ਨੂੰ ਇਸ ਸੰਮੇਲਨ ਲਈ ਸੱਦਾ ਦਿਤਾ ਜਾ ਰਿਹਾ ਹੈ ਉਹਨਾਂ ਵਿਚ ਆਰਟ ਬੁਸਵਾਲਡ, ਜਾਰਜ ਮਾਈਖੜੇ ਮੈਲਕਾਲਮ ਮਗਰਿਜ ਵੀ ਸ਼ਾਮਲ ਹਨ । ਇਹਨਾਂ ਤੋਂ ਇਲਾਵਾ ਸੋਵੀਅਤ ਯੂਨੀਅਨ, ਬਰਤਾਨੀਆ, ਸਾਊਦੀ ਅਰਬ, ਪਾਕਿਸਤਾਨ, ਅਮਰੀਕਾ, ਨੇਪਾਲ, ਕੈਨੇਡਾ, ਫਰਾਂਸ, ਨਿਊਜ਼ੀ-ਲੈਂਡ ਅਤੇ ਆਸਟਰੀਆ ਤੋਂ ਵੀ ਹਾਸ-ਕਲਾ ਨਾਲ ਸਬੰਧਤ ਸ਼ਖਸੀਅਤਾਂ ਸ਼ਾਮਲ ਹੋਣਗੀਆਂ । ਹਿੰਦ ਦੇ ਉਘੇ ਕਾਰਟੂਨਿਸਟਾਂ ਆਰ. ਕੇ. ਨਾਗਇਜਵ ਤੇ ਸ਼ੰਕਰ ਪਿਲੇ ਨੂੰ ਵੀ ਸੰਮੇਲਨ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾ ਰਹੀ ਹੈ । ਹਿੰਦ ਦੀਆਂ ਵਖ ਵਖ ਬੋਲੀਆਂ ਦੇ ਹਾਸ ਲੇਖਕਾਂ ਤੋਂ ਇਲਾਵਾ ਫਿਲਮਾਂ ਤੇ ਸਟੇਜ਼ਾਂ ਦੇ ਮੁਜ਼ਾਹੀਆ ਕਲਾਕਾਰ ਵੀ ਸ਼ਾਮਲ ਹੋ ਰਹੇ ਹਨ ।

## ਪੜ੍ਹੇ ਲਿਖੇ ਵਹਿਮੀ...

ਹਰ ਦਮ ਭਾਰਤ ਵਿਚ ਹਰ ਦਸ



Sri Satguru Jagjit Singh Ji Elibrary NamdhariElibrary@gmail.com

ਪੜ੍ਹਿਆਂ ਲਿਖਿਆਂ ਵਿਚੋਂ ੬ ਵਹਿਮਾਂ ਭਰਮਾਂ ਦਾ ਸ਼ਿਕਾਰ ਹਨ।

ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵਲੋਂ ਕਰਾਏ ਗਏ ਇਕ ਸਰਵੇ ਤੋਂ ਇਹ ਭਰਮ ਵੀ ਗਲਤ ਸਾਬਤ ਹੋਇਆ ਹੈ ਕਿ ਔਰਤਾਂ ਵਧੇਰੇ ਵਹਿਮਣਾਂ ਹੁੰਦੀਆਂ ਹਨ।

ਸਰਵੇ ਦੌਰਾਨ ੭੫੦ ਸਾਇੰਸ ਗਰੈਜੂਏਟਾਂ ਤੋਂ ਪੁਛੇ ਸੁਆਲ ਵਿਚ ਬਹੁਤ ਘਟ ਅਜੇਹੇ ਸਨ ਜਿਹਨਾਂ ਕਿਹਾ ਕਿ ਉਹ ਜੋਤਸ਼, ਭੂਤ ਪ੍ਰੇਤਾਂ ਜਾਂ ਚਮਤਕਾਰ ਵਗੈਰਾ ਨੂੰ ਨਹੀਂ ਮੰਨਦੇ।

ਸਰਵੇ ਦੌਰਾਨ ਇਹ ਗਲ ਵੀ ਸਾਹਮਣੇ ਆਈ ਹੈ ਕਿ ਪੜ੍ਹੀਆਂ ਲਿਖੀਆਂ ਔਰਤਾਂ ਮਰਦਾਂ ਦੇ ਮੁਕਾਬਲੇ ਘਟ ਵਹਿਮਣਾਂ ਹਨ।

ਸਰਵੇ ਦੌਰਾਨ ਬਹੁਤੇ ਵਿਅਕਤੀ ਨਿਛ ਆਉਣ ਜਾਂ ਬਿਲੀ ਵਲੋਂ ਰਸਤਾ ਕਟੇ ਜਾਣ ਦੇ ਵਹਿਮਾਂ ਦੇ ਸ਼ਿਕਾਰ ਹਨ।

ਡਾ. ਕੇ. ਕੇ. ਗੰਗਾਧਰਨ ਨੇ ਆਪਣੇ ਇਸ ਸਰਵੇ ਤੋਂ ਬਾਅਦ ਦਸਿਆ ਕਿ ਹਰ ਦਸਾਂ ਵਿਚੋਂ ਤਿੰਨ ਇਸ ਹਕ ਵਿਚ ਸਨ ਕਿ ਵਿਆਹ ਜਨਮ ਕੁੰਡਲੀਆਂ ਮੇਲ ਕੇ ਕਰਨੇ ਚਾਹੀਦੇ ਹਨ।

ਉਹਨਾਂ ਦਸਿਆ ਕਿ ਸਭ ਤੋਂ ਵਧ ਵਹਿਮੀ ਵਪਾਰੀ ਲੋਕ ਹੁੰਦੇ ਹਨ। ਉਹ ਭੌਵਿਖ ਬਾਰੇ ਦਸਣ ਵਾਲੇ ਜੋਤਸ਼ੀਆਂ ਤੇ ਬਹੁਤ ਯਕੀਨ ਕਰਦੇ ਹਨ।

## ਭਾਰਤੀ ਤੇ ਚੀਨੀ ਸਭ ਤੋਂ ਵਧ ਐਬੀ

ਨਵੀਂ ਦਿੱਲੀ—ਵਿਸ਼ਵ ਸਿਹਤ ਜਥੇਬੰਦੀ ਦੇ ਮਾਹਰਾਂ ਨੇ ਖਬਰਦਾਰ ਕੀਤਾ ਹੈ ਕਿ ਇਕ ਦਹਾਕੇ ਦੇ ਅੰਦਰ ਅੰਦਰ ਭਾਰਤ ਸਮੇਤ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਲੋਕਾਂ ਨੂੰ ਫੇਫੜੇ ਦੇ ਕੈਂਸਰ ਦੀ ਛੂਤ ਦੀ ਬਿਮਾਰੀ ਦਾ ਸਾਹਮਣਾ ਕਰਨਾ ਪਏਗਾ।

ਮਾਹਰਾਂ ਕਿਹਾ ਕਿ ਵਿਕਾਸਸ਼ੀਲ ਦੇਸ਼ਾਂ ਵਿਚ ਸਿਰਗਟਾਂ ਪੀਣ ਦੀ ਆਦਤ ਵਿਚ ਲਗਾਤਾਰ ਤੇਜ਼ੀ ਨਾਲ ਹੋ ਰਹੇ ਵਾਧੇ ਕਾਰਣ ਹੀ ਫੇਫੜੇ ਦੇ ਕੈਂਸਰ ਦੀ ਬਿਮਾਰੀ ਦੀ ਭਵਿੱਖ ਬਾਣੀ ਕੀਤੀ ਜਾ ਰਹੀ ਹੈ।

ਵਿਸ਼ਵ ਸਿਹਤ ਜਥੇਬੰਦੀ ਦੇ ਇਕ ਇਕ ਰਸਾਲੇ ਵਿਚ "ਤਬਾਕੂ ਤੋਂ ਬਚੋ" ਸਿਰਲੇਖ ਅਧੀਨ ਛਪੀ ਇਕ ਰਿਪੋਰਟ ਵਿਚ ਮਾਹਿਰਾਂ ਨੇ ਦਾਅਵਾ ਕੀਤਾ ਹੈ ਕਿ ਇਸੇ ਦਹਾਕੇ ਦੇ ਅੰਦਰ ਅੰਦਰ ਇਹਨਾਂ ਦੇਸ਼ਾਂ ਵਿਚ ਫੇਫੜਿਆਂ ਦੇ ਕੈਂਸਰ ਦੀ ਬਿਮਾਰੀ ਫੈਲ ਜਾਵੇਗੀ।

ਮਾਹਰਾਂ ਨੇ ਕਿਹਾ ਕਿ ਵਿਸ਼ਵ ਦੀ ਸਭ ਤੋਂ ਵਧ ਅਬਾਦੀ ਵਾਲੇ ਦੇਸ਼ ਚੀਨ ਅਤੇ ਭਾਰਤ ਵਿਚ ਬਹੁਤ ਸਾਰੇ ਲੋਕ ੧੮ ਤੋਂ ੨੦ ਸਾਲ ਦੀ ਉਮਰ ਤੋਂ ਹੀ ਸਿਰਗਟਾਂ ਪੀਣੀਆਂ ਸ਼ੁਰੂ ਕਰ ਦੇਂਦੇ ਹਨ।

## ਮੁਰਦਿਆਂ ਦੀਆਂ ਅੱਖਾਂ ਚੋਰੀ

ਇਕ ਗਰੋਹ ਵਲੋਂ ਮੁਰਦਿਆਂ ਦੀਆਂ ਅੱਖਾਂ ਚੋਰੀ ਕਰਨ ਅਤੇ ਚੋਰੀ ਕੀਤੀਆਂ ਅੱਖਾਂ ਆਈ ਬੈਂਕਾਂ ਤੋਂ ਹੇਰਾਫੇਰੀ ਨਾਲ ਲੈ ਕੇ ਵਿਦੇਸ਼ਾਂ ਨੂੰ ਸਮਗਲ ਕੀਤੇ ਜਾਣ ਦੇ ਸਨਸਨੀ ਭਰੇ ਸਕੈਂਡਲ ਦਾ ਪ੍ਰਗਟਾਵਾ ਹੋਇਆ ਹੈ। ਇਸ ਗਲ ਦਾ ਪਤਾ ਤਦ ਲਗਿਆ ਜਦ ਕੁਝ ਦਿਨ ਪਹਿਲਾਂ ਨਵੀਂ ਦਿਲੀ ਦੇ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸ ਵਿਖੇ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਫਰਖਾਬਾਦ ਦੇ ਇਕ ਪੇਂਡੂ ਗੰਗੂ ਰਾਮ ਨੇ ਆਪਣੇ ਮਰੇ ਹੋਏ ਪੁੱਤਰ ਦੀਆਂ ਦੋਵੇਂ ਅੱਖਾਂ ਗਾਇਬ ਵੇਖ ਕੇ ਸ਼ੋਰ ਮਚਾਉਣਾ ਸ਼ੁਰੂ ਕਰ ਦਿਤਾ। ਗੰਗੂ ਰਾਮ ਦੇ ਪੁੱਤਰ ਦੀ ਇਕ ਹਾਦਸੇ ਵਿਚ ਮੌਤ ਹੋ ਗਈ ਸੀ ਅਤੇ ਲਾਸ਼ ਪੋਸਟ ਮਾਰਟਮ ਲਈ ਇੰਸਟੀਚਿਊਸ਼ਨ ਵਿਚ ਲਿਆਂਦੀ ਗਈ ਸੀ। ਗੰਗੂ ਰਾਮ ਨੇ ਇਸ ਸਿਲਸਿਲੇ ਵਿਚ ਉਚ ਪਧਰ ਦੇ ਅਫਸਰਾਂ ਨੂੰ ਲਿਖਤੀ ਸ਼ਕਾਇਤਾਂ ਵੀ ਕੀਤੀਆਂ ਸਨ ਬਾਅਦ ਵਿਚ ਜਾਂਚ ਕਰਨ ਤੇ ਪਤਾ ਲਗਿਆ ਕਿ ਦਿੱਲੀ ਤੋਂ ਇਲਾਵਾ ਕਲਕੱਤੇ ਵਿਖੇ ਵੀ ਮੁਰਦਿਆਂ ਦੀਆਂ ਅੱਖਾਂ ਚੋਰੀ ਕੀਤੀਆਂ ਜਾਂਦੀਆਂ ਹਨ ਅਤੇ ਇਹ ਅੱਖਾਂ ਬਾਅਦ ਵਿਚ ਸਰਮਾਏਦਾਰ ਅਨ੍ਹਿਆਂ ਨੂੰ ਦੋ ਤੋਂ ਲੈ ਕੇ ਚਾਰ ਹਜ਼ਾਰ ਰੁਪਏ ਤਕ ਵੇਚ ਦਿਤੀਆਂ ਜਾਂਦੀਆਂ ਹਨ। ਇਥੇ ਇਹ ਗਲ ਵਰਨਣ ਯੋਗ ਹੈ ਕਿ ਭਾਰਤ ਵਿਚ ਮਰਨ ਤੋਂ ਪਹਿਲਾਂ ਅੱਖਾਂ ਦਾਨ ਕਰਨ ਦੀ ਵਸੀਹਤ ਕਰਨ ਦਾ ਰਿਵਾਜ ਨਹੀਂ ਹੈ। ਜਾਂ ਫਿਰ ਬਹੁਤ ਘੱਟ ਹੈ। ਜਦ ਕਿ ਕੁਝ ਮੁਲਕਾਂ ਵਿਚ ਇਹ ਰਿਵਾਜ ਆਮ ਹੈ ਇਹੀ ਅੱਖਾਂ ਜ਼ਿਆਦਾਤਰ ਸ੍ਰੀਲੰਕਾ ਦੇ ਇੰਟਰਨੈਸ਼ਨਲ ਆਈ ਬੈਂਕ ਵਿਚ ਰਖੀਆਂ ਜਾਂਦੀਆਂ ਹਨ ਅਤੇ ਉਪਰੋਕਤ ਬੈਂਕ ਵਲੋਂ ਹਰ ਸਾਲ ਲਗਭਗ ਇਕ ਹਜ਼ਾਰ ਅੱਖਾਂ ਦਾਨ ਦੇ ਤੌਰ ਤੇ ਭਾਰਤ ਭੇਜੀਆਂ ਜਾਂਦੀਆਂ ਹਨ ਜਿਸ ਨਾਲ ੫੦੦ ਅਨ੍ਹਿਆਂ ਨੂੰ ਰੋਸ਼ਨੀ ਮਿਲ ਸਕਦੀ ਹੈ। ਇਹ ਵੀ ਪ੍ਰਗਟਾਵਾ ਹੋਇਆ ਹੈ ਕਿ ਦਾਨ ਵਿਚ ਆਈਆਂ ਅੱਖਾਂ ਦਾ ਵੀ ਕਾਫੀ ਹਿੱਸਾ ਸਰਕਾਰੀ ਡਾਕਟਰਾਂ ਅਤੇ ਅੱਖਾਂ ਚੋਰੀ ਕਰਨ ਵਾਲੇ ਗਰੋਹ ਦੀ ਮਿਲੀਭੁਗਤ ਨਾਲ ਸਮਗਲ ਕਰਕੇ ਅਮਰੀਕਾ ਜਿਹੇ ਅਮੀਰ ਦੇਸ਼ ਨੂੰ ਭੇਜ ਦਿਤਾ ਜਾਂਦਾ ਹੈ। ●



Sri Satguru Jagjit Singh Ji Elibrary NamdhariElibrary@gmail.com

Approved By Department of :
AGRICULTURE PUNJAB GOVERNMEN
High Class Manufacturers of :
- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS

QUALITY MARKED

DEPARTMENT OF AGRICULTURE PUNJAB GOVT.
QUALITY MARK

ਕੁਆਲਟੀ ਮਾਰਕਡ



**ਖੇਤੀ ਬਾੜੀ ਦੇ ਵਧੀਆ**
**ਸਾਜ਼ ਸਾਮਾਨ ਬਨਾਉਣ ਵਾਲੇ**

TRADE MARK
**JASPAL**

Grams : HABI INDUSTRIES Phone : 2737
**HABI INDUSTRIES** (Regd)
10, Industrial Area, PHAGWARA

## ਸੰਤ ਤਰਨ ਸਿੰਘ ਵਹਿਮੀ ਜੀ ਦੀ ਸਲਾਨਾ ਬਰਸੀ

੩ ਅਗਸਤ ਨੂੰ ਪਿੰਡ ਰਾਮਪੁਰ (ਸਿਰਸਾ) ਵਿਖੇ ਨਾਮਧਾਰੀ ਪੰਥ ਦੇ ਮਹਾਨ ਵਿਦਵਾਨ ਸੰਤ ਤਰਨ ਸਿੰਘ ਵਹਿਮੀ ਜੀ ਦੀ ਸਲਾਨਾ ਬਰਸੀ ਬੜੀ ਧੂਮ ਧਾਮ ਨਾਲ ਮਨਾਈ ਗਈ ਜਿਸ ਵਿਚ ਇਲਾਕੇ ਦੀਆਂ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਨੇ ਵਹਿਮੀ ਜੀ ਨੂੰ ਦਿਲੀ ਸ਼ਰਧਾਂਜਲੀ ਭੇਟ ਕੀਤੀ । ਰਾਤ ਨੂੰ ਇਕ ਸ਼ਾਨਦਾਰ ਕਵੀ ਦਰਬਾਰ ਹੋਇਆ ਜਿਸ ਵਿਚ ਪੰਜਾਬ ਅਤੇ ਹਰਿਆਣਾ ਦੇ ਕਵੀਆਂ ਅਤੇ ਕਲਾਕਾਰਾਂ ਨੇ ਭਾਗ ਲਿਆ। ਸਟੇਜ ਸਕਤਰ ਦੀ ਸੇਵਾ ਮਾਸਟਰ ਅਮਰੀਕ ਸਿੰਘ ਜੀ ਨੇ ਨਿਭਾਈ । ਕਵੀ ਦਰਬਾਰ ਦੀ ਸਮਸਿਆ "ਵਹਿਮ ਵਡ ਪ੍ਰਤਾਪੀ ਦੇ ਜੱਸ ਦਾ ਸੀ" ਰੱਖੀ ਗਈ ਜਿਸ ਨੂੰ ਸਾਰੇ ਹੀ ਕਵੀਆਂ ਨੇ ਬੜੀ ਕੁਸ਼ਲਤਾ ਨਾਲ ਨਿਭਾਇਆ । ਕਵੀਆਂ ਤੇ ਕਲਾਕਾਰਾਂ ਦੇ ਨਾਂਅ ਵਰਨਣ ਯੋਗ ਹਨ । ਸਰਵ ਸ੍ਰੀ ਸ: ਅਮ੍ਰੀਕਸਿੰਘ, ਗੁਰਬਖਸ਼ ਸਿੰਘ ਰਾਮਪੁਰੀ, ਬਲਬੀਰਸਿੰਘ ਢਿਲੋਂ, ਗੁਰਦਿਆਲ ਸਿੰਘ ਪ੍ਰੀਤ, ਜੁਗਿੰਦਰ ਸਿੰਘ ਮੁਕਤਾ, ਰਾਜਾ ਜੀ, ਪਿਆਸਾ ਜੀ, ਮਾ: ਹਰਸਾ ਸਿੰਘ, ਅਣਖੀ ਜੀ, ਜਗਰਾਜ ਸਿੰਘ ਧੌਲਾ, ਅਤੇ ਗੁਰਦੇਵ ਸਿੰਘ ਕੋਇਲ, ਆਦਿ ਪਧਾਰੇ ਸਨ । ਵਹਿਮੀ ਜੀ ਦੇ ਵਡੇ ਸਪੁਤਰ ਸ: ਸਾਧੂ ਕਿਸਾਨ ਅਤੇ ਸ: ਬਲੀ ਸਿੰਘ ਨੇ ਸਭ ਸੰਜਤਾਂ ਨੂੰ ਜੀ ਆਇਆ ਆਖਿਆ ਅਤੇ ਤਨੋ ਮਨੋ ਸੇਵਾ ਕੀਤੀ । (ਗ.ਸ.ਕ.)

---

## ਨਾਮਧਾਰੀ ਕਾਟ ਦੇ ਬਸਤਰ

ਨਾਮਧਾਰੀ ਕਾਟ ਦੇ ਬਸਤਰ ਕੁੜਤੇ, ਪਾਜਾਮੇ ਆਦਿ ਸਿਲਵਾਉਣ ਵਾਸਤੇ ਹੇਠ ਲਿਖੇ ਪਤੇ ਤੇ ਸੰਪਰਕ ਕਰੋ ।

ਰਾਜਿੰਦਰ ਸਿੰਘ (ਸਪੁਤਰ ਸੰਤ ਜਗਤ ਸਿੰਘ ਜੀ ਸ੍ਰੀ ਭੈਣੀ ਸਹਿਬ)
15 ਜਨਤਾ ਕਾਲੋਨੀ, ਜਲੰਧਰ
ਇਹ ਜਗਹ ਨਹਿਰ ਤੋਂ 2½ ਕਿਲੋਮੀਟਰ ਸੂਰਾਨਸੀ ਵਲ ਹੈ ।
ਟੈਲੀਫੋਨ ਨੰਬਰ : 75883, 76959
77576, 77789 ਪੀ. ਪੀ.



Sri Satguru Jagjit Singh Ji Elibrary NamdhariElibrary@gmail.com

BEST

COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਫੂਡਜ਼

ਹੈਦਰਾਬਾਦ

# AMBER FOODS

**Amber pet HYDERABAD**

**(A.P.)**



Sri Satguru Jagjit Singh Ji Elibrary NamdhariElibrary@gmail.com

REPUTED MANUFACTURERS OF:

**SUPERIOR QUALITY**

**SINGLE BARREL &**

**DOUBLE BARREL**

**B. L. 12 BORE**

# GUNS

Grams : SNIPER Phone : 3805

# MODERN GUN WORKS

Opp. Industrial Estate,
JAMMU CANTT.

With best compliments from :-

## *NAMDHARI BROTHERS*

Prop. S. AJIT SINGH
*Main Bazar, DALTONGANJ (Bihar)*
Dealers : KIRLOSKAR DIESEL ENGINE P. S. G. ELECTRIC MOTORS. ELECTRICAL APPLIANCES STAINLESS STEEL PARTS, PRESSURE COOKERS AND AGRICULTURAL IMPLIMENTS

WITH BEST COMPLIMENTS FROM :

## *New Namdhari Cloth House*

WHOLE SALE CLOTH DEALERS

*Main Bazar DALTONGANJ (Bihar)*



Sri Satguru Jagjit Singh Ji Elibrary NamdhariElibrary@gmail.com

# ਗੋਰਿਆਂ ਦੇ ਦੇਸ਼ ਵਿਚ

—ਜਗਦੀਸ਼ ਸਿੰਘ

ਸੰਨ ੧੯੪੭ । ੨੪ ਅਕਤੂਬਰ ਦਾ ਦਿਨ । ਕਸ਼ਮੀਰ ਉਤੇ ਪਾਕਿਸਤਾਨੀ ਹਮਲੇ ਹੋਏ ਨੂੰ ਅਠਤਾਲੀ ਘੰਟੇ ਹੋ ਚੁੱਕੇ ਸਨ ਅਤੇ ਪਾਕਿਸਤਾਨੀ ਕਬਾਇਲੀਆਂ ਦੇ ਸਰਦਾਰ ਸੋਰਾਬ ਹਯਾਤ ਖਾਨ ਦੇ ਹਰਾਵਲ ਦਸਤਿਆਂ ਨੇ ਜਿਹਲਮ ਦਰਿਆ ਉਤੇ ਬਣੇ ਪੁਲ ਤੇ ਕਬਜ਼ਾ ਵੀ ਕਰ ਲਿਆ ਸੀ । ਇਹ ਹਮਲਾ ਏਡਾ ਗੁਪਤ ਸੀ ਕਿ ਪਾਕਿਸਤਾਨੀ ਫੌਜਾਂ ਦੇ ਅੰਗਰੇਜ਼ ਕਮਾਂਡਰ ਨੂੰ ਵੀ ਪਤਾ ਨਾ ਲਗਣ ਦਿਤਾ ਗਿਆ । ਅਤੇ ਪਾਕਿਸਤਾਨੀ ਜਨਰਲ ਮੇਸਰਵੀ ਦੀ ਥਾਂ ਕੰਮ ਕਰ ਰਹੇ ਮੇਜਰ ਜਨਰਲ ਡਗਲਸ ਗਰੇਸੀ ਨੂੰ ਵੀ ਜਦ ਅਠਤਾਲੀ ਘੰਟੇ ਬਾਅਦ ਪਤਾ ਲਗਾ ਤਾਂ ਭਾਰਤ ਨੂੰ ਪਹਿਲਾਂ ਕਿਵੇਂ ਖਬਰ ਹੁੰਦੀ । ਇਹ ਖਬਰ ਕਈ ਦਿਨ ਵੀ ਪਤਾ ਨਾ ਲਗਦੀ ਜੇ ਨਵੀਂ ਦਿੱਲੀ ਅਤੇ ਰਾਵਲਪਿੰਡੀ ਦਰਮਿਆਨ ਇਕ ਸੰਪਰਕ ਬਚਿਆ ਨਾ ਰਹਿੰਦਾ । ਮੁਖ ਸੜਕਾਂ ਜਿਥੇ ਅੱਠਾਂ ਹਫਤਿਆਂ ਤੋਂ ਰਫਿਊਜੀ ਏਧਰ ਓਧਰ ਆ ਰਹੇ ਸਨ ਦੇ ਉਪਰ ਇਕ ਤਾਰ ਜਾ ਰਹੀ ਸੀ ਜਿਸ ਉਤੇ ਗਿਰਜਾਂ ਬਹਿ ਕੇ ਆਰਾਮ ਕਰਦੀਆਂ ਸਨ । ਇਹ ਟੈਲੀਫੋਨ ਦੀ ਤਾਰ ਸੀ ਜਿਦਾ ਇਕ ਸਿਰਾ ਰਾਵਲਪਿੰਡੀ ਵਿਚ ਪਾਕਿਸਤਾਨੀ ਕਮਾਂਡਰ ਇਨ ਚੀਫ ਦੇ ਦਫਤਰ ਵਿਚ ਸੀ ਅਤੇ ਦੂਸਰਾ ਭਾਰਤ ਵਿਚ ਫੌਜ ਦੇ ਮੁਖੀ ਲੈਫਟੀਨੈਂਟ ਜਨਰਲ ਸਰ ਰਾਬਰਟ ਲਾਕਹਾਰਟ ਦੇ ਦਫਤਰ ਵਿਚ । ਰਾਵਲਪਿੰਡੀ ਤੋਂ ਅੰਗਰੇਜ਼ ਜਰਨੈਲ ਨੇ ਹਮਲੇ ਦੀ ਖਬਰ ਇਸੇ ਟੈਲੀਫੋਨ ਦੀ ਤਾਰ ਰਾਹੀਂ ਭਾਰਤ ਪਹੁੰਚਈ ਸੀ ਅਤੇ ਕਸ਼ਮੀਰ ਬਚ ਗਿਆ ਸੀ ।

ਫਰੀਡਮ ਐਟ ਮਿਡਲਾ ਈਟ 'ਚੋਂ

ਇਹ ਗੱਲ ਲਿਖਣ ਦਾ ਭਾਵ ਇਹ ਹੀ ਦਸਣਾ ਹੈ ਕਿ ਅੰਗਰੇਜ਼ਾਂ ਦੇ ਰਾਜ ਪ੍ਰਬੰਧ ਦਾ ਇਕ ਅਹਿਮ ਅੰਗ ਸੰਚਾਰ ਸਾਧਨ ਸਨ । ਰੇਲ ਸੜਕਾਂ ਟੈਲੀਫੋਨ, ਤਾਰਾਂ, ਵਾਇਰਲੈਸ ਇਹ ਸਾਰੇ ਸੰਚਾਰ ਸਾਧਨ ਬਹੁਤ ਤਗੜੇ ਰਖਣ ਦਾ ਜਤਨ ਕੀਤਾ ਗਿਆ ਸੀ । ਜਿਨੇ ਸੰਚਾਰ ਅਤੇ ਆਵਾਜਾਈ ਦੇ ਸਾਧਨ ਕਿਸੇ ਸਰਕਾਰ ਦੇ ਤਗੜੇ ਹੋਣਗੇ ਓਨਾ ਹੀ ਉਸ ਵਾਸਤੇ ਪਰਬੰਧ ਕਰਨਾ ਆਸਾਨ ਹੋਵੇਗਾ । ਅੰਗਰੇਜ਼ਾਂ ਨੇ ਭਾਰਤ ਵਿਚ ਰੇਲਾਂ ਦਾ ਜਾਲ ਵਛਾਇਆ । ਭਾਰਤੀਆਂ ਨੂੰ ਫਾਇਦਾ ਪਹੁੰਚਾਣ ਨਾਲੋਂ ਜ਼ਿਆਦਾ ਮਕਸਦ ਉਹਨਾਂ ਦਾ ਅਪਣੀ ਹਕੂਮਤ ਅਤੇ ਵਪਾਰ ਨੂੰ ਤਗੜਾ ਕਰਨਾ ਸੀ । ਇੰਗਲੈਂਡ ਵਿਚ ਵੀ ਇਹ ਸੰਚਾਰ ਸਾਧਨ ਬਹੁਤ ਮਜ਼ਬੂਤ ਅਤੇ ਸਫਲ ਹਨ । ਭਾਰਤ ਵਿਚੋਂ ਗਏ ਵਿਅਕਤੀ ਨੂੰ ਫਰਕ ਜ਼ਿਆਦਾ ਦਿਸਦਾ ਹੈ । ਉਥੇ ਸਾਰੇ ਟੈਲੀਫੋਨ ਦੇਸ਼ ਦੇ ਸਾਰੇ ਸ਼ਹਿਰਾਂ ਪਿੰਡਾਂ ਨਾਲ ਜੁੜੇ ਪਏ ਹਨ ਅਤੇ ਡਾਇਲ ਘੁਮਾਇਆਂ ਅਪਣੇ ਆਪ ਮਿਲਦੇ ਹਨ । ਦੇਸ਼ ਦੇ ਇਕ ਫੋਨ ਤੋਂ ਤੁਸੀਂ ਕਿਸੇ ਵੀ ਹੋਰ ਫੋਨ ਨਾਲ ਸੰਪਰਕ ਕਰ ਸਕਦੇ ਹੋ । ਭਾਰਤ ਵਿਚ ਵੀ ਇਹ ਸਿਸਟਮ ਚਲਣ ਲਗਾ ਹੈ ਪਰ ਅਸਰਦਾਇਕ ਨਹੀਂ । ਉਥੇ ਹਰ ਐਕਸਚੇਂਜ ਦਾ ਆਪਣਾ ਨੰਬਰ ਹੁੰਦਾ ਹੈ ਅਤੇ ਇਕ ਇਕ ਸ਼ਹਿਰ ਵਿਚ ਕਈ ਕਈ ਐਕਸਚੇਂਜ ਹਨ । ਜੇ ਤੁਸੀਂ ਲੰਡਨ ਦੇ ਬਾਹਰੋਂ ਕਿਸੇ ਵੀ ਥਾਂ ਤੋਂ ਲੰਡਨ ਫੋਨ ਕਰਨਾ ਹੋਵੇ ਤਾਂ ਪਹਿਲਾਂ ਤੁਹਾਨੂੰ ੦੧ ਨੰਬਰ ਘੁਮਾਉਣਾ ਪਵੇਗਾ । ਉਸ ਬਾਅਦ ਵੱਖ ਵੱਖ ਇਲਾਕਿਆਂ ਅਨੁਸਾਰ ੪੭੦, ੪੭੧, ੪੭੨, ੫੫੧, ੫੫੪, ੯੫੪ ਜਾਂ ਅਜਿਹਾ ਨੰਬਰ ਘੁਮਾਉਣਾ ਪਵੇਗਾ ਜੋ ਉਸ ਇਲਾਕੇ ਦੇ ਐਕਸਚੇਂਜ ਦਾ ਹੋਵੇਗਾ ਉਸ ਬਾਅਦ ਟੈਲੀਫੋਨ ਨੰਬਰ ਘੁਮਾਓਗੇ ਤਾਂ ਤਰੰਤ ਦੂਸਰੇ ਪਾਸੇ ਘੰਟੀ ਵਜੇਗੀ ਅਤੇ ਸੈਂਕੜੇ ਮੀਲਾਂ ਤੇ ਬੈਠੇ ਸਜਨਾਂ ਦੇ ਬੋਲ ਤੁਸੀਂ ਝੱਟ ਸੁਣ ਲਵੋਗੇ । ਇਵੇਂ ਜੇ ਤੁਸੀਂ ਬਰਮਿੰਘਮ ਟੈਲੀਫੋਨ ਕਰਨਾ ਹੈ ਤਾਂ ਪਹਿਲਾਂ ੦੨੧ ਘੁਮਾਓਗੇ ਫੇਰ ਐਕਸਚੇਂਜ ਦਾ ਨੰਬਰ ਅਤੇ ਅੰਤ ਤੇ ਟੈਲੀਫੋਨ ਨੰਬਰ । ਇਵੇਂ ਹੀ ਹਰ ਇਕ ਟੈਲੀਫੋਨ ਦਾ ਸੰਪਰਕ ਦੂਸਰੇ ਫੋਨਾਂ ਨਾਲ ਹੈ । ਜੇ ਤੁਸੀਂ ਅਪਣੇ ਹੀ ਸ਼ਹਿਰ ਵਿਚ ਕਰ ਰਹੇ ਹੋ ਤਾਂ ੦੧ ਜਾਂ ੦੨੧ ਆਦਿਕ ਘੁਮਾਉਣ ਦੀ ਕੋਈ ਲੋੜ ਨਹੀਂ । ਇਥੇ ਇਕ ਵਾਰ ਵੀ ਨਹੀਂ ਦੇਖਿਆ ਗਿਆ ਕਿ ਟੈਲੀਫੋਨ ਖਰਾਬ ਹੋਣ ਕਰਕੇ ਗਲਬਾਤ ਰਹਿ ਜਾਵੇ । ਹਾਂ ਦੂਸਰੇ ਪਾਸੇ ਫੋਨ ਰੁੱਝਿਆ ਹੋਵੇ ਤਾਂ ਇਸ ਮਤਲਬ ਦੀ ਆਵਾਜ ਆਵੇਗੀ ਕਿ ਫੋਨ ਰੁਝਿਆ ਹੈ, ਪਰ ਛੇਤੀ ਹੀ ਤੁਸੀਂ ਗੱਲ ਕਰ ਸਕੋਗੇ । ਲੋਗ ਆਮ ਗੱਲਾਂ ਪੁਛਾਂ ਟੈਲੀਫੋਨ ਤੇ ਕਰਦੇ ਹਨ । ਮੈਂ ਲੰਡਨ ਵਿਚ ਬੈਠਾ ਟੀ.ਵੀ. ਤੇ ਖਬਰਾਂ ਦੇਖ ਰਿਹਾ ਸੀ



Sri Satguru Jagjit Singh Ji Elibrary NamdhariElibrary@gmail.com

ਕਿ ਕਵੈਂਟਰੀ ਤੋਂ ਸ: ਹਰਜਿੰਦਰ ਸਿੰਘ ਕੰਵਲ ਦਾ ਫੋਨ ਆ ਗਿਆ। ਮੈਂ ਫੋਨ ਤੇ ਕਿਹਾ ਕਿ ਮੈਂ ਅੰਮ੍ਰਿਤਸਰ ਦੀ ਅਹਿਮ ਖਬਰ ਟੀ.ਵੀ. ਤੇ ਦੇਖ ਰਿਹਾ ਹਾਂ ਠਹਿਰ ਕੇ ਫੋਨ ਕਰਿਓ। ਉਹਨਾਂ ਟੀ.ਵੀ. ਚੈਨਲ ਪੁਛਿਆ ਕਿ ਕਿਥੋਂ ਖਬਰ ਆ ਰਹੀ ਹੈ। ਮੈਂ ਦਸ ਦਿੱਤਾ। ਜਦੋਂ ਖਬਰ ਸਮਾਪਤ ਹੋਈ ਤਾਂ ਉਹਨਾਂ ਦਾ ਉਸੇ ਵੇਲੇ ਹੀ ਸੋ ਮੀਲ ਤੋਂ ਦੂਰੋਂ ਫੋਨ ਫੇਰ ਆ ਗਿਆ। ਉਹਨਾਂ ਗੁੱਸਾ ਨਹੀਂ ਕੀਤਾ ਸਗੋਂ ਧਨਵਾਦ ਕੀਤਾ ਕਿ ਤੁਸੀਂ ਦਸਿਆ ਹੈ ਤੇ ਅਸੀਂ ਵੀ ਟੀ.ਵੀ. ਤੋਂ ਖਬਰ ਦੇਖ ਲਈ ਹੈ। ਫੇਰ ਉਹਨਾਂ ਅਪਣੀ ਗਲਬਾਤ ਕੀਤੀ। ਸੈਂਕੜਿਆਂ ਮੀਲਾਂ ਤੇ ਹੋ ਰਹੀ ਗਲਬਾਤ ਬਹੁਤ ਸਪੱਸ਼ਟ ਸੁਣਦੀ ਹੈ। ਭਾਰਤ ਵਿਚ ਲੰਡਨ ਤੋਂ ਗਲਬਾਤ ਕਰਦਿਆਂ ਇਧਰੋਂ ਜਾਂਦੀ ਉੱਚੀ ਆਵਾਜ਼ ਤੋਂ ਸ਼ਕ ਪੈ ਜਾਂਦਾ ਸੀ ਕਿ ਕਿਤੇ ਗਲਤ ਨੰਬਰ ਤਾਂ ਨਹੀਂ ਮਿਲ ਗਿਆ। ਬਿਲਕੁਲ ਸਪੱਸ਼ਟ ਅਤੇ ਸਾਫ਼ ਆਵਾਜ਼ ਸੁਣਾਈ ਦਿੰਦੀ ਹੁੰਦੀ।

ਅਜ ਕਲ ਇਲੈਕਟ੍ਰਾਨਿਕਸ ਦਾ ਜ਼ਮਾਨਾ ਹੈ ਅਤੇ ਵੱਖ ਵੱਖ ਯੰਤਰ ਟੈਲੀਫੋਨਾਂ ਨਾਲ ਵਰਤੇ ਜਾਂਦੇ ਹਨ। ਰਿਮੋਟ ਕੰਟਰੋਲ ਸਿਸਟਮ ਵੀ ਉਥੇ ਆਮ ਹੈ। ਟੈਲੀਫੋਨ ਤੋਂ ਦੂਰ ਬੈਠੇ ਹੀ ਇਕ ਯੰਤਰ ਦੇ ਨੰਬਰ ਦਬਾ ਦਿਓ: ਡਾਇਲ ਘੁਮਾਉਣ ਦੀ ਲੋੜ ਨਹੀਂ। ਇਹ ਭਾਰਤ ਵੀ ਚਲਦਾ ਹੈ ਪਰ ਅਜੇ ਬਹੁਤ ਘਟ ਹੈ।

ਇੰਗਲੈਂਡ ਪਹੁੰਚਣ ਬਾਦ ਜਿਹੜੀ ਪਹਿਲੀ ਕਾਲ ਅਸੀਂ ਭਾਰਤ ਕੀਤੀ ਉਹ ਕੋਲਵਿਲ ਤੋਂ ਸੀ। ਉਥੇ ਟੈਲੀਫੋਨ ਨਾਲ ਕੰਪਊਟਰ ਸਿਸਟਮ ਦੁਆਰਾ ਜੋ ਯੰਤਰ ਜੁੜਿਆ ਸੀ ਉਸ ਰਾਹੀਂ ਦੂਰੋਂ ਕਮਰੇ ਚੋਂ ਬੈਠਿਆਂ ਹੀ ਗੱਲ ਕੀਤੀ। ਅਸੀਂ ਆਰਾਮ ਨਾਲ ਸੋਫੇ ਤੇ ਬੈਠਿਆਂ ਦੂਰ ਪਏ ਟੈਲੀਫੋਨ ਵਿਚ ਗੱਲਾਂ ਕਰਦੇ ਸੀ ਅਤੇ ਜਲੰਧਰ ਤੋਂ ਗਲਬਾਤ ਦੀ ਆਵਾਜ਼ ਏਨੀ ਉੱਚੀ ਆਉਂਦੀ ਸੀ ਜਿੰਨੀ ਕਿਸੇ ਰੇਡੀਓ ਸੈਟ ਤੋਂ। ਇੰਗਲੈਂਡ ਵਿਚ ਬੈਠਿਆਂ ਹੀ ਸਿਧਾ ਡਾਇਲ ਘੁਮਾਉਣ ਨਾਲ ਜਾਂ ਬਟਣ ਦਬਣ ਨਾਲ ਜਲੰਧਰ, ਲੁਧਿਆਣਾ. ਅੰਮ੍ਰਿਤਸਰ, ਦਿੱਲੀ ਕਿਤੇ ਵੀ ਗੱਲ ਹੋ ਸਕਦੀ ਸੀ। ਇਸੇ ਤਰ੍ਹਾਂ ਅਫਰੀਕਾ, ਥਾਈਲੈਂਡ, ਅਮਰੀਕਾ ਅਤੇ ਯੂਰਪ ਦੇ ਮੁਲਕਾਂ ਨਾਲ ਵੀ ਝਟ ਸੰਪਰਕ ਸਥਾਪਤ ਹੋ ਜਾਂਦਾ ਸੀ। ਆਮ ਤੌਰ ਤੇ ਭਾਰਤ ਵਲ ਕੀਤਾ ਫੋਨ ਸੰਪਰਕ ਮਿਲ ਜਾਂਦਾ ਸੀ ਪਰ ਜੇ ਭਾਰਤ ਦੀਆਂ ਲਾਈਨਾਂ ਖਰਾਬ ਹੋਣ ਤਾਂ ਫੋਨ 'ਚੋਂ ਅੰਗਰੇਜ਼ੀ ਵਿਚ ਰਿਕਾਰਡ ਕੀਤੀ ਹੋਈ ਮਿੱਠੀ ਜਿਹੀ ਆਵਾਜ਼ ਆਉਂਦੀ "ਭਾਰਤ ਨਾਲ ਸੰਪਰਕ ਰੁਕਿਆ ਹੋਇਆ ਹੈ ਕ੍ਰਿਪਾ ਕਰਕੇ ਥੋਹੜੀ ਦੇਰ ਬਾਅਦ ਜਤਨ ਕਰਨਾ ਜੀ।"

ਬਾਜ਼ਾਰ ਵਿਚ ਥਾਂ ਪਰ ਥਾਂ ਪਬਲਿਕ ਕਾਲ ਬੂਥ ਲਗੇ ਹਨ ਜਿੰਨਾਂ ਵਿਚ ਨਕਦ ਪੈਸੇ ਪਾ ਕੇ ਟੈਲੀਫੋਨ ਕੀਤਾ ਜਾ ਸਕਦਾ ਹੈ। ਇਕ ਸ਼ਹਿਰ ਤੋਂ ਦੂਜੇ ਸ਼ਹਿਰ ਵੀ ਕਰ ਸਕਦੇ ਹੋ ਪਰ ਜ਼ਰਾ ਧਿਆਨ ਰਖਣਾ ਕਿ ਜਿੰਨਾਂ ਦੂਰ ਟੈਲੀਫੋਨ ਕਰੋਗੇ ਓਨੇ ਪੈਸੇ ਜ਼ਿਆਦਾ ਲਗਣਗੇ। ਪਹਿਲੇ ਪੈਸੇ ਪਾਏ ਜਦ ਖਤਮ ਹੋ ਜਾਣਗੇ ਤਾਂ ਤੁਹਾਨੂੰ ਸੰਕੇਤ ਮਿਲੇਗਾ ਕਿ ਹੁਣ ਹੋਰ ਸ਼ਲਿੰਗ ਪਾਵੋ ਤਾਂ ਅਗੇ ਆਵਾਜ਼ ਜਾਵੇਗੀ। ਇੰਜ ਤੁਸੀਂ ਜਿੰਨੀ ਦੇਰ ਮਰਜ਼ੀ ਹੈ ਗੱਲ ਕਰ ਲਵੋ ਪਰ ਪੈਸੇ ਬਾਰ ਬਾਰ ਪਾਉਣੇ ਪੈਣਗੇ। ਉਥੇ ਇਹ ਰਿਵਾਜ ਨਹੀਂ ਕਿ ਤੁਸੀਂ ਬਾਜ਼ਾਰ ਵਿਚ ਕਿਸੇ ਦੁਕਾਨ ਤੋਂ ਫੋਨ ਕਰ ਲਵੋ।

ਇੰਗਲੈਂਡ ਵਿਚ ਟੈਲੀਫੋਨ ਬਹੁਤ ਮਹਿੰਗਾ ਹੈ। ਤਗੜੇ ਬਿੱਲ ਤਾਰਨੇ ਪੈਂਦੇ ਹਨ। ਅਸੀਂ ਜਿਹੜੇ ਭਾਰਤ ਵਿਚੋਂ ਜਾਂਦੇ ਹਾਂ ਅਪਣੇ ਮੇਜ਼ਬਾਨਾਂ ਤੇ ਇਕ ਕ੍ਰਿਪਾ ਇਹ ਕਰਦੇ ਹਾਂ ਕਿ ਭਾਰਤ ਵਿਚ ਅਤੇ ਹੋਰ ਥਾਵਾਂ ਤੇ ਟੈਲੀਫੋਨ ਕਰਦੇ ਹੀ ਰਹਿੰਦੇ ਹਾਂ ਅਤੇ ਸਾਡੇ ਮੇਜ਼ਬਾਨਾਂ ਤੇ ਹਜ਼ਾਰਾਂ ਰੁਪਿਆਂ ਦਾ ਖਰਚਾ ਪੈ ਜਾਂਦਾ ਹੈ। ਵਿਚਾਰੇ ਖਿੜੇ ਮਥੇ ਸਹਾਰਦੇ ਹਨ। ਜੇ ਖਿੜੇ ਮੱਥੇ ਨਾ ਵੀ ਹੋਣ ਤਾਂ ਵੀ ਕਿਹੜਾ ਅਸਾਂ ਮੁੜ ਜਾਣਾ ਹੈ।

ਟੈਲੀਫੋਨ ਉਥੇ ਆਮ ਜ਼ਿੰਦਗੀ ਦਾ ਬਹੁਤ ਅਹਿਮ ਹਿੱਸਾ ਬਣ ਚੁਕਾ ਹੈ। ਦੂਰ ਦੁਰਾਡੇ ਇਲਾਕਿਆਂ ਵਿਚ ਅਪਣੇ ਲੋਕਾਂ ਨੂੰ ਮਿਲਣ ਜਾਣਾ ਵੀ ਔਖਾ ਕੰਮ ਹੁੰਦਾ ਹੈ ਅਤੇ ਜ਼ਿੰਦਗੀ ਉਥੇ ਏਨੀ ਤੇਜ਼ ਹੈ ਕਿ ਲੋਕ ਕੰਮਾਂ ਕਾਰਜਾਂ ਵਿਚ ਬਹੁਤ ਲੀਨ ਰਹਿੰਦੇ ਹਨ ਸਾਰਾ ਦਿਨ ਮਿਹਨਤ ਕਰਨੀ ਪੈਂਦੀ ਹੈ। ਭਾਰਤ ਵਿਚ ਤਾਂ ਵਿਹਲ ਬਹੁਤ ਹੁੰਦਾ ਹੈ ਅਤੇ ਜਦੋਂ ਜੀਅ ਕੀਤਾ ਉਦੋਂ ਉਠ ਕੇ ਕਿਸੇ ਨੂੰ ਵੀ ਮਿਲਣ ਤੁਰ ਪਵੋ ਪਰ ਯੂ.ਕੇ. ਵਿਚ ਅਜਿਹਾ ਨਹੀਂ। ਤੁਸੀਂ ਆਪਣੇ ਕਿਡੇ ਵੀ ਸੱਕੇ ਸੋਧਰੇ ਨੂੰ ਮਿਲਣ ਜਾਣਾ ਹੈ ਤਾਂ ਪਹਿਲਾਂ ਟੈਲੀਫੋਨ ਕਰੋ। ਜੇ ਉਹ ਘਰ ਹੋਵੇ, ਤੁਹਾਡੇ ਵਕਤ ਉਤੇ ਉਹ ਮਿਲ ਸਕਦਾ ਹੋਵੇ, ਉਸ ਵੇਲੇ ਕੋਈ ਹੋਰ ਪ੍ਰਾਹੁਣੇ ਨਾ ਆਏ ਹੋਣ ਜਾਂ ਆਉਣ ਦੀ ਸੰਭਾਵਨਾ ਨਾ ਹੋਵੇ ਤਾਂ ਜਾਣਾ ਉਚਿਤ ਸਮਝਿਆ ਜਾਂਦਾ ਹੈ। ਤੁਹਾਡੇ ਕੋਲ ਆਪਣੇ ਜਾਣੂਆਂ ਦੇ ਫੋਨ-ਨੰਬਰਾਂ ਦੀ ਡਾਇਰੀ ਮੁਕੰਮਲ ਹੋਣੀ ਚਾਹੀਦੀ ਹੈ।

ਸਤਿਗੁਰੂ ਜੀ ਭਾਵੇਂ ਕਿਸੇ ਵੀ ਸ਼ਹਿਰ ਵਿਚ ਹੁੰਦੇ ਸਨ, ਇਹਨਾਂ ਟੈਲੀਫੋਨਾਂ ਰਾਹੀਂ ਸਾਰੇ ਯੂ.ਕੇ. ਵਿਚ ਉਹਨਾਂ ਦੇ ਮਿੰਟ



Sri Satguru Jagjit Singh Ji Elibrary NamdhariElibrary@gmail.com

ਮਿੰਟ ਦੇ ਕਿਆਮ ਦਾ ਪਤਾ ਲਗ ਜਾਂਦਾ। ਹਰ ਘਰ ਵਿਚ ਟੈਲੀਫੋਨ ਲਗਾ ਹੁੰਦਾ। ਬਹੁਤ ਵਿਰਲੇ ਘਰਾਂ ਵਿਚ ਹੀ ਇਸਦੀ ਅਣਹੋਂਦ ਸੀ।

ਜਦੋਂ ਲੀਡਜ਼ ਸ਼ਹਿਰ ਤੋਂ ਵਾਪਸ ਲੰਡਨ ਪਰਤਨਾ ਸੀ ਤਾਂ ਤਿਆਰੀ ਹੋ ਰਹੀ ਸੀ। ਵਾਤਾਵਰਨ ਵਿਚ ਕੁਝ ਉਤਸੁਕਤਾ ਸੀ। ਪ੍ਰੋਗਰਾਮ ਉਲੀਕੇ ਜਾ ਰਹੇ ਸਨ ਸਵਾਰੀਆਂ ਦੀਆਂ ਸੀਟਾਂ ਨਿਰਧਾਰਤ ਕੀਤੀਆਂ ਜਾ ਰਹੀਆਂ ਸਨ। ਮੈਂ ਰਸਤੇ ਵਿਚ ਲੈਸਟਰ ਦੇ ਲਾਗੇ ਕੋਲਵਿਲ ਪਿੰਡ ਵਿਚ ਜਾਣਾ ਸੀ। ਰਾਹ ਵਿਚ ਉਤਰਨਾ ਸੀ ਅਤੇ ਜਿੰਨਾ ਚਿਰ ਅਗੋਂ ਕੋਈ ਲੈਣ ਵਾਲਾ ਨਾ ਆਇਆ ਹੁੰਦਾ ਜਾਣਾ ਬੇਕਾਰ ਸੀ। ਟੈਲੀਫੋਨ ਸਿਸਟਮ ਬਾਰੇ ਏਨੀ ਲੰਮੀ ਗੱਲ ਕਰਨੀ ਭਾਵੇਂ ਸਾਡੇ ਵਲੈਤੀ ਪਾਠਕਾਂ ਨੂੰ ਨਾ ਜਚੇ ਪਰ ਭਾਰਤ ਵਿਚਲੇ ਪਾਠਕ ਵਾਸਤੇ ਸਚਮੁੱਚ ਹੀ ਇਹ ਸਮਾਚਾਰ ਦਾ ਦਰਜਾ ਰਖਦੀ ਹੈ। ਇਥੇ ਤਾਂ ਲੋਕਲ ਫੋਨ ਦਾ ਪਤਾ ਨਹੀਂ ਹੁੰਦਾ, ਹੋਣਾ ਹੈ ਕਿ ਨਹੀਂ ਦੂਜੇ ਸ਼ਹਿਰਾਂ ਨਾਲ ਗੱਲ ਦੀ ਗੱਲ ਹੀ ਛੱਡੋ।

ਸ: ਹਰਚਰਨ ਸਿੰਘ ਰੰਧਾਵਾ ਦੇ ਚਿਹਰੇ ਤੇ ਕੋਈ ਮਲਾਲ ਨਹੀਂ ਸੀ। ਗੱਡੀਆਂ ਚਲਣ ਵਾਲੀਆਂ ਸਨ ਪਰ ਉਹ ਕਹਿ ਰਹੇ ਸਨ ਕਿ "ਹੁਣੇ ਤੁਹਾਡਾ ਪਰਬੰਧ ਕਰ ਦਿੰਦੇ ਹਾਂ"। ਉਹ ਏਡੀ ਬੇਫਿਕਰੀ ਨਾਲ ਤਦ ਹੀ ਕਹਿ ਰਹੇ ਸਨ ਕਿਉਂਕਿ ਟੈਲੀਫੋਨ ਤੇ ਦੂਰ ਕੋਲਵਿਲ ਪਿੰਡ ਵਿਚ ਗੱਲ ਹੋ ਜਾਣੀ ਨਿਸਚਿਤ ਹੀ ਸੀ।

ਉਹਨਾਂ ਟੈਲੀਫੋਨ ਦੇ ਨੰਬਰ ਘੁਮਾਏ ਅਤੇ ਸੈਂਕੜਾ ਮੀਲ ਤੇ ਇਕ ਪਿੰਡ ਵਿਚ ਘੰਟੀ ਖੜਕ ਪਈ। ਗਲਬਾਤ ਹੋ ਗਈ ਸੀ। "ਲੈਸਟਰ ਸ਼ਹਿਰ ਦੇ ਬਾਹਰ, ਹਾਈਵੇ ਨੰਬਰ ਐਮ...ਉਪਰ ਸਰਵਿਸ ਸਟੇਸ਼ਨ ਤੇ ਕੇਫੀਨਾ ਹੈ ਉਥੇ ਅਸੀਂ ਰੁਕਾਂਗੇ। ਤੁਸੀਂ ਅਪਣੀ ਸਵਾਰੀ ਰੀਸੀਵ ਕਰ ਲਿਓ—ਅਸੀਂ ਹੁਣੇ ਏਨੇ ਵਜੇ ਚਲਕੇ ਉਥੇ ਏਨੇ ਵਜੇ ਪੁਜ ਜਾਵਾਂਗੇ।

ਰੰਧਾਵਾ ਜੀ ਨੇ ਅਪਣਾ ਰੁਕਣ ਦਾ ਅਸਥਾਨ ਪਿੰਡੋਂ ਦੂਰ ਕਿਉਂ ਰੱਖਿਆ ਅਤੇ ਇਹ ਕਿਉਂ ਨਾ ਕਿਹਾ ਕਿ ਅਸੀਂ ਕੋਲਵਿਲ ਨੂੰ ਮੁੜਦੀ ਸੜਕ ਦੇ ਸਿਰੇ ਤੇ ਖਲੋਵਾਂਗੇ। ਇਸ ਦੇ ਵੀ ਕਾਰਨ ਸਨ। ਇਸ ਦਾ ਸਬੰਧ ਇੰਗਲੈਂਡ ਦੇ ਦੂਸਰੇ ਸੰਪਰਕ ਅਤੇ ਯਾਤਾਯਾਤ ਸਾਧਨ ਨਾਲ ਹੈ।

ਸੜਕਾਂ, ਆਵਾਜਾਈ ਦੇ ਸਾਧਨ ਅਤੇ ਕਾਨੂੰਨ।

**ਮੋਟਰਵੇਜ਼** :—ਇੰਗਲੈਂਡ ਵਿਚ ਸੜਕਾਂ ਨੂੰ ਰੋਡ, ਲੇਨ ਅਤੇ ਮੋਟਰਵੇਜ਼ ਕਿਹਾ ਜਾਂਦਾ ਹੈ। ਲੇਨ ਜਾਂ ਛੋਟੀ ਸੜਕ ਜਿਵੇਂ ਗਲੀਆਂ ਦੀ ਸੜਕ, ਰੋਡ ਸ਼ਹਿਰ ਦੀਆਂ ਵਡੀਆਂ ਸੜਕਾਂ ਅਤੇ ਮੋਟਰਵੇਜ਼ ਸ਼ਹਿਰਾਂ ਤੋਂ ਬਾਹਰ ਦੀਆਂ ਮਹਾਂ ਸੜਕਾਂ। ਜਿਉਂ ਜਿਉਂ ਲੇਨ ਤੋਂ ਮੋਟਰਵੇਜ਼ ਵਲ ਜਾਂਦੇ ਹਾਂ ਗੱਡੀਆਂ ਮੋਟਰਾਂ ਦੀ ਰਫਤਾਰ ਤੇਜ਼ ਹੁੰਦੀ ਜਾਂਦੀ ਹੈ। ਸ਼ਹਿਰਾਂ ਦੀਆਂ ਸੜਕਾਂ ਭਾਵ 'ਲੇਨਾਂ' ਤੇ 'ਰੋਡਾਂ' ਦੇ ਤਾਂ ਨਾਮ ਰੱਖੇ ਹੋਏ ਹਨ ਅਤੇ ਮੋਟਰਵੇਜ਼ ਦੇ ਕੇਵਲ ਨੰਬਰ ਹੁੰਦੇ ਹਨ। ਇਹਨਾਂ ਵਿਚੋਂ ਕੁਝ ਸੜਕਾਂ ਮੁਖੀ ਹਨ। ਜਿਵੇਂ ਪੰਜਾਬ ਵਿਚ ਜਰਨੈਲੀ ਸੜਕ ਕਿਹਾ ਜਾਂਦਾ ਹੈ ਉਵੇਂ ਇਹ ਸੜਕਾਂ ਹਨ ਪਰ ਭਾਰਤ ਦੀ ਜਰਨੈਲੀ ਸੜਕ ਨਾਲੋਂ ਚਾਰ ਗੁਣਾਂ ਚੌੜੀਆਂ ਇਹ ਜਰਨੈਲੀ ਸੜਕਾਂ ਜੋ ਸਭ ਤੋਂ ਪਰਮੁਖ ਵਡੀਆਂ ਸੜਕਾਂ ਹਨ ਇਹਨਾਂ ਦੇ ਨੰਬਰ ਐਮ ਨਾਲ ਸ਼ੁਰੂ ਹੁੰਦੇ ਹਨ ਜਿਵੇਂ ਐਮ. ਵਨ M-1, M-2, M-3 M-4...(ਭਾਵ ਐਮ ਇਕ ਨੰਬਰ ਦੋ ਨੰਬਰ...ਆਦਿ)।

ਐਮ ਵਾਲੀਆਂ ਜਰਨੈਲੀ ਸੜਕਾਂ (ਜਾਂ ਮੋਟਰਵੇਜ਼) ਤੋਂ ਇਲਾਵਾ ਜਿਹੜੀਆਂ ਦੂਸਰੀਆਂ ਸੜਕਾਂ ਹਨ ਉਹਨਾਂ ਦੇ ਨੰਬਰ ਏ (A) ਐਲ (L) ਆਦਿਕ ਅੱਖਰਾਂ ਨਾਲ ਸ਼ੁਰੂ ਹੋਕੇ ਅਗੋਂ ਨੰਬਰ ਲਾਏ ਜਾਂਦੇ ਹਨ ਜਿਵੇਂ A-30 :-50 ਆਦਿ ਆਦਿ...। ਐਮ ਵਾਲੇ ਮੋਟਰਵੇਜ਼ ਉਤੇ ਦੋਹੀਂ ਪਾਸੀਂ ਚਾਰ ਚਾਰ ਗੱਡੀਆਂ ਇਕੱਠੀਆ ਚਲ ਸਕਦੀਆਂ ਹਨ। ਸੜਕ ਤੇ ਨਿਸ਼ਾਨ ਲਾ ਕੇ ਚਾਰ ਵਖਰੀਆਂ ਵਖਰੀਆਂ ਲੇਨਾਂ ਬਣਾਈਆਂ ਹਨ। ਸਭ ਤੋਂ ਖੱਬੇ ਪਾਸੇ ਦੀ ਲੇਨ ਕੇਵਲ ਪੁਲੀਸ ਵਾਲਿਆਂ ਵਾਸਤੇ ਹੈ ਹੋਰ ਕੋਈ ਗੱਡੀ ਉਸ ਉਤੇ ਨਹੀਂ ਚਲ ਸਕਦੀ। ਪੁਲਿਸ ਵਾਲੀ ਲੇਨ ਦੇ ਨਾਲ ਲਗਦਿਆਂ ਹੀ ਲੇਨ ਘਟ ਸਪੀਡ ਵਾਲਿਆਂ ਵਾਸਤੇ, ਉਸਤੋਂ ਨਾਲ ਦੀ ਜ਼ਿਆਦਾ ਵਾਸਤੇ ਅਤੇ ਸਭ ਤੋਂ ਅਖੀਰਲੀ ਸੱਜੇ ਹੱਥ ਵਾਲੀ ਸਭ ਤੋਂ ਜ਼ਿਆਦਾ ਸਪੀਡ ਵਾਲੀਆਂ ਗੱਡੀਆਂ ਵਾਸਤੇ। ਇਸੇ ਤਰ੍ਹਾਂ ਦੀ ਉਲਟੇ ਪਾਸੇ ਦੇ ਟਰੈਫਿਕ ਵਾਸਤੇ ਹੈ। ਇਹਨਾਂ ਸੜਕਾਂ ਤੇ ਨੰਬਰਾਂ ਅਤੇ ਬੋਰਡਾਂ ਦੀ ਏਨੀ ਭਰਮਾਰ ਹੁੰਦੀ ਹੈ ਅਤੇ ਏਨੀ ਸ਼ਾਨਦਾਰ ਤਰਤੀਬ ਵਿਚ ਲਾਏ ਹੁੰਦੇ ਹਨ ਕਿ ਬਗੈਰ ਪੁਛਿਆਂ ਸੈਂਕੜੇ ਮੀਲ ਜਾਇਆ ਜਾ ਸਕਦਾ ਹੈ। ਕਿਸੇ ਤੋਂ ਪੁਛਣ ਦਾ ਮਤਲਬ ਵੀ ਨਹੀਂ ਅਤੇ ਸੜਕ ਤੇ ਕੋਈ ਦੱਸਣ ਵਾਲਾ ਨਹੀਂ ਹੋਵੇਗਾ। ਹਾਂ ਜੇਕਰ ਗੱਡੀ ਖਰਾਬ ਹੋ ਜਾਂਦੀ ਹੈ ਜਾਂ ਕਿਤੇ ਹਾਦਸਾ ਹੋ ਜਾਂਦਾ ਹੈ ਤਾਂ ਉਸ ਮਤਲਬ ਵਾਸਤੇ ਸੜਕਾਂ ਦੇ ਨਾਲ ਨਾਲ ਥੋਹੜੇ ਥੋਹੜੇ ਫਾਸਲੇ ਤੇ ਟੈਲੀਫੋਨ ਲਗੇ ਹੁੰਦੇ ਹਨ।

ਇਹ ਆਮ ਟੈਲੀਫੋਨਾਂ ਤੋਂ ਵਖਰੇ ਹੁੰਦੇ ਹਨ। ਇਹਨਾਂ ਤੇ SOS ਅੰਗਰੇਜ਼ੀ ਸ਼ਬਦ ਲਿਖਿਆ ਹੁੰਦਾ ਹੈ। ਐਸ.ਓ.ਐਸ



Sri Satguru Jagjit Singh Ji Elibrary NamdhariElibrary@gmail.com

ਸੰਕਟ ਕਾਲੀਨ ਸਮੇਂ ਵਾਸਤੇ ਇਕ ਕੋਡ ਹੈ ਜਿਸਦਾ ਮਤਲਬ ਹੁੰਦਾ ਹੈ ਸਾਡੀ ਜਾਨ ਬਚਾਓ (Save Our Souls)।ਇਹ ਐਸ.ਓ.ਐਸ. ਸੁਨੇਹੇ ਵਾਇਰਲੈਸ ਰਾਹੀਂ ਜਹਾਜ਼ਾਂ ਚੋਂ ਵੀ ਭੇਜੇ ਜਾਂਦੇ ਹਨ ਜਦੋਂ ਉਹਨਾਂ ਤੇ ਕੋਈ ਭੀੜ ਬਣਦੀ ਹੈ ਤਾਂ। ਐਸ.ਓ.ਐਸ. ਸੁਨੇਹੇ ਦਾ ਅਰਥ ਹੁੰਦਾ ਹੈ ਕਿ ਸਭ ਕੰਮ ਛੱਡ ਕੇ ਉਸ ਸੁਨੇਹੇ ਵਲ ਧਿਆਨ ਦਿਤਾ ਜਾਵੇ। ਸੋ ਕਿਸੇ ਨੇ SOS ਟੈਲੀਫੋਨ ਕੀਤਾ ਨਹੀਂ ਕਿ ਉਥੇ ਪਤਾ ਨਹੀਂ ਕਿਥੋਂ ਪੁਲਿਸ ਝਟ ਪਹੁੰਚ ਜਾਵੇਗੀ।

ਕਿਉਂਕਿ ਇਥੇ ਕਾਰਾਂ ਮੋਟਰਾਂ ਬਹੁਤ ਜ਼ਿਆਦਾ ਸਪੀਡ ਤੇ ਚਲਦੀਆਂ ਹਨ ਇਸ ਵਾਸਤੇ ਉਥੇ ਕਾਨੂੰਨ ਹੈ ਕਿ ਡਰਾਈਵਰ ਅਤੇ ਮੋਹਰਲੀ ਸੀਟ ਤੇ ਬੈਠਣ ਵਾਲੀ ਸਵਾਰੀ ਇਕ ਖਾਸ ਕਿਸਮ ਦੀ ਬੈਲਟ ਬੰਨ੍ਹ ਕੇ ਰੱਖੇ। ਇਹ ਕਿਰਪਾਨ ਦੇ ਗਾਤਰੇ ਵਰਗੀ ਹੁੰਦੀ ਹੈ ਅਤੇ ਇਕ ਖਾਸ ਮਕੈਨਕੀ ਨਾਲ ਸੀਟ ਦੇ ਪਾਸਿਓਂ ਨਿਕਲਦੀ ਆਉਂਦੀ ਹੈ। ਇਸ ਦੇ ਬੰਨਣ ਨਾਲ ਡਰਾਈਵਰ ਅਤੇ ਸਵਾਰੀ ਸੀਟ ਦੀ ਢੋਅ ਨਾਲ ਲਗੀ ਰਹਿੰਦੀ ਹੈ। ਇਹ 'ਬੈਲਟ' ਲਾਉਣੀ ਬਹੁਤ ਜ਼ਰੂਰੀ ਹੈ ਅਤੇ ਨਾ ਲਾਉਣ ਦੀ ਹਾਲਤ ਵਿਚ ਪੰਜਾਹ ਪੌਂਡ ਦਾ ਜੁਰਮ ਨਾ ਮੌਕੇ ਉਤੇ ਦੇਣਾ ਪੈਂਦਾ ਹੈ। ਪੰਜਾਹ ਪੌਂਡ ਭਾਰਤ ਦੇ ਸਾਢੇ ਸੱਤ ਸੌ ਰੁਪਏ ਬਰਾਬਰ ਹੋ ਜਾਂਦੇ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਬੈਲਟ ਇਸ ਵਾਸਤੇ ਜ਼ਰੂਰੀ ਹੈ ਕਿਉਂਕਿ ਐਕਸੀਡੈਂਟ ਦੀ ਸੂਰਤ ਵਿਚ ਇਹ ਸਵਾਰੀ ਨੂੰ ਅਗਲੇ ਸ਼ੀਸ਼ੇ ਤੋਂ ਬਾਹਰ ਡਿਗਣ ਤੋਂ ਬਚਾਉਂਦੀ ਹੈ। ਸਰਕਾਰ ਦਾ ਕਹਿਣਾ ਹੈ ਕਿ ਜਦੋਂ ਦੀ ਬੈਲਟ ਲਾਉਣੀ ਜ਼ਰੂਰੀ ਕੀਤੀ ਹੈ ਮੌਤ ਦੀ ਦਰ ਘਟ ਗਈ ਹੈ।

ਅਪਣੀ ਅਪਣੀ ਲੇਨ ਵਿਚ ਚਲਦੀਆਂ ਕਾਰਾਂ ਨੇ ਜੇ ਸਪੀਡ ਘੱਟ ਕਰਨੀ ਜਾਂ ਵਧ ਕਰਨੀ ਹੈ ਭਾਵ ਇਕ ਤੋਂ ਦੂਸਰੀ ਲੇਨ ਵਿਚ ਜਾਣਾ ਹੈ ਤਾਂ ਉਸ ਲਈ ਬਤੀਆਂ ਦਾ ਇਸ਼ਾਰਾ ਕਰਨਾ ਬਹੁਤ ਜ਼ਰੂਰੀ ਹੈ। ਪਹਿਲਾਂ ਇਸ਼ਾਰੇ ਦੀਆਂ ਜਗਦੀਆਂ ਬੁਝਦੀਆਂ ਬੱਤੀਆ ਰਾਹੀਂ ਸੰਕੇਤ ਦਿਤਾ ਜਾਵੇਗਾ ਕਿ ਖੱਬੇ ਪਾਸੇ ਵਲ ਹੋਣਾ ਜਾਂ ਸੱਜੇ ਵਲ। ਉਹਦੇ ਬਾਅਦ ਹੀ ਲੇਨ ਬਦਲੀ ਜਾਵੇਗੀ।

ਸ਼ਹਿਰਾਂ ਵਿਚ ਚੋਕਾਂ ਵਿਚ ਬੱਤੀਆਂ ਲਗੀਆਂ ਹੁੰਦੀਆਂ ਹਨ ਜੋ ਦਿਨ ਰਾਤ ਠੀਕ ਕੰਮ ਕਰਦੀਆਂ ਹਨ। ਬਤੀਆਂ ਦਾ ਇਸ਼ਾਰਾ ਸਭ ਲੋਕ ਧਰਮ ਸਮਝਕੇ ਮੰਨਦੇ ਹਨ। ਭਾਵੇਂ ਅੱਧੀ ਰਾਤ ਹੋਵੇ ਅਤੇ ਸੜਕ ਬਿਲਕੁਲ ਖਾਲੀ ਹੋਵੇ, ਜੇ ਲਾਲ ਬੱਤੀ ਹੋ ਜਾਵੇ ਤਾਂ ਭਾਵੇਂ ਕਿੰਨਾ ਜ਼ਰੂਰੀ ਕੰਮ ਕਿਸੇ ਨੂੰ ਹੋਵੇ ਉਹ ਜ਼ਰੂਰ ਰੁਕੇਗਾ। ਛੋਟੀ ਸੜਕ ਤੋਂ ਵੱਡੀ ਸੜਕ ਤੇ ਜਾਣਾ ਹੋਵੇ ਤਾਂ ਸੜਕ ਦੇ ਕੰਢੇ ਪਹੁੰਚਕੇ ਹਰ ਆਦਮੀ ਜ਼ਰੂਰ ਬਰੇਕ ਮਾਰ ਕੇ ਗੱਡੀ ਰੋਕੇਗਾ। ਭਾਵੇਂ ਅਪਣੇ ਪਾਸੇ ਹੀ ਜਾਣਾ ਹੋਵੇ ਉਹ ਸੱਜੇ ਖੱਬੇ ਚੰਗੀ ਤਰ੍ਹਾਂ ਵੇਖ ਕੇ ਫੇਰ ਹੀ ਕਾਰ ਨੂੰ ਮੋੜੇਗਾ। ਭਾਵੇਂ ਖਾਲੀ ਸੜਕ ਹੋਵੇ ਇਹ ਵੇਖਣ ਵਾਲਾ ਕੰਮ ਜ਼ਰੂਰ ਕਰੇਗਾ।

ਸਟਾਕ ਐਨ ਟਰੈਂਟ ਸ਼ਹਿਰ ਵਿਚ ਸਾਥੋਂ ਅਗਲੀਆਂ ਕਾਰਾਂ ਗਲਤੀ ਨਾਲ ਅਗੇ ਨਿਕਲ ਗਈਆਂ ਕਿਉਂਕਿ ਲਾਲ ਬਤੀ ਹੋਣ ਕਾਰਨ ਉਹ ਰਾਹ ਵਖਾਣ ਵਾਲੀ ਕਾਰ ਤੋਂ ਪਛੜ ਗਈਆਂ ਸਨ। ਸਾਨੂੰ ਇਸ ਗਲਤੀ ਦਾ ਪਤਾ ਲਗ ਗਿਆ ਪਰ ਸਾਥੋਂ ਵੀ ਉਹ ਕਾਰ ਓਹਲੇ ਹੋ ਗਈ। ਅਸੀਂ ਉਸ ਗੋਲ ਚੱਕਰ ਵਿਚ ਹੀ ਚੱਕਰ ਲਾਉਂਦੇ ਰਹੇ ਪਰ ਕਾਰ ਰੋਕੀ ਨਹੀਂ। ਆਖਰ ਤੇ ਅਗੇ ਗਈਆਂ ਗੱਡੀਆਂ ਵੀ ਵਾਪਸ ਆ ਗਈਆਂ।

ਸ਼ਹਿਰਾਂ ਵਿਚ ਸੜਕ ਦੇ ਕੰਢੇ ਤੇ ਖਾਸ ਥਾਵਾਂ ਤੇ ਹੀ ਕਾਰਾਂ ਖੜੀਆਂ ਹੋ ਸਕਦੀਆਂ ਹਨ ਅਤੇ ਨਿਸ਼ਾਨ ਲਾ ਕੇ ਲਿਖਿਆ ਹੁੰਦਾ ਹੈ ਕਿ ਇਥੇ ਏਨੀਆਂ ਕਾਰਾਂ ਹੀ ਖੜੀਆਂ ਹੋ ਸਕਦੀਆਂ ਹਨ। ਜਿਥੇ ਦੋਹਰੀ ਪੀਲੇ ਰੰਗ ਦੀ ਲਾਈਨ ਸੜਕ ਕਿਨਾਰੇ ਲਗੀ ਹੋਵੇ ਉਥੇ ਤਾਂ ਬਿਲਕੁਲ ਗੱਡੀ ਪਾਰਕ ਨਹੀਂ ਹੋ ਸਕਦੀ। ਵਿਚ ਬੈਠਿਆਂ ਬੈਠਿਆਂ ਗੱਡੀ ਰੁਕ ਜਾਵੇ ਤਾਂ ਵਖਰੀ ਗੱਲ ਹੈ ਪਰ ਜ਼ਿਆਦਾ ਦੇਰ ਖਲੋਵੋ ਤਾਂ ਫੌਰਨ ਪੁਲਿਸ ਦਾ ਆਦਮੀ ਜਾਂ ਔਰਤ ਆ ਜਾਵੇਗੀ ਅਤੇ ਚਾਲਾਨ ਹੋ ਜਾਵੇਗਾ। ਪੁਲਿਸ ਤੋਂ ਜਾਂ ਕਹਿ ਲਵੋ ਕਾਨੂੰਨ ਤੋਂ ਬਹੁਤ ਲੋਕ ਡਰਦੇ ਹਨ। ਪੁਲਿਸ ਕਾਨੂੰਨ ਦੀ ਪੂਰੀ ਤਨਦੇਹੀ ਨਾਲ ਰੱਖਿਆ ਕਰਦੀ ਹੈ ਅਤੇ ਲੋਕਾ ਦੀ ਹਮਦਰਦ ਵੀ ਹੈ। ਕਾਰਾਂ ਚਲਾਓਣ ਦਾ ਲਾਈਸੈਂਸ ਬਹੁਤ ਟਰੇਨਿੰਗ ਉਪਰੰਤ ਮਿਲਦਾ ਹੈ ਅਤੇ ਕਿਸੇ ਵੀ ਨਾਬਾਲਗ ਨੂੰ ਕਾਰ ਚਲਾਉਣ ਦੀ ਆਗਿਆ ਨਹੀਂ। ਜਿਹੜੇ ਕਾਰਾਂ ਚਲਾਉਣਾ ਸਿਖ ਰਹੇ ਹੋਣ ਉਹ ਸਿਖਲਾਈ ਦਾ ਬੋਰਡ ਐਲ (L) ਕਾਰਾਂ ਤੇ ਲਾ ਕੇ ਚਲਦੇ ਹਨ ਅਤੇ ਅਜਿਹੀਆਂ ਬਹੁਤ ਸਾਰੀਆਂ ਕਾਰਾਂ ਮਿਲ ਜਾਣਗੀਆਂ ਜਿੰਨਾਂ ਤੇ ਇਹ ਨਿਸ਼ਾਨ ਲਗੇ ਹੋਣਗੇ। ਕਾਰਾਂ ਚਲਾਉਣ ਦੀ ਸਿਖਲਾਈ ਦੇਣ ਵਾਲੇ ਬਾਕਾਇਦਾ ਸਕੂਲ ਹਨ। ਅਤੇ ਇਵੇਂ ਹੀ ਕਾਰਾਂ ਗੱਡੀਆਂ ਦੇ ਨੁਕਸ ਦੇਖਣ ਅਤੇ ਪਾਸ ਕਰਨ ਵਾਲੇ ਸੈਂਟਰ ਹਨ। ਉਹਨਾਂ ਦਾ ਦਿਤਾ ਸਰਟੀਫੀਕੇਟ ਠੀਕ ਹੁੰਦਾ ਹੈ ਅਤੇ ਸਰਕਾਰੀ ਤੌਰ ਤੇ ਮੰਨਿਆ ਜਾਂਦਾ ਹੈ। ਸਾਡੇ ਦੇਸ਼



Sri Satguru Jagjit Singh Ji Elibrary NamdhariElibrary@gmail.com

ਵਾਂਗ ਗੱਡੀਆਂ ਦੀ ਪਾਸਿੰਗ ਕੁਰੱਪਸ਼ਨ ਦਾ ਘਰ ਨਹੀਂ ।

**ਜੰਕਸ਼ਨ**

ਮਹਾਂ ਸੜਕਾਂ (ਮੋਟਰਵੇਜ਼) ਤੇ ਚਲਦਿਆਂ ਵਿਚੋਂ ਨਿਕਲਨ ਵਾਲੀਆਂ ਛੋਟੀਆਂ ਸੜਕਾਂ ਦੇ ਸਿਰਿਆਂ ਨੂੰ ਜੰਕਸ਼ਨ ਕਹਿੰਦੇ ਹਨ। ਅਤੇ ਉਹਨਾਂ ਦੇ ਨੰਬਰ ਲਗੇ ਹੁੰਦੇ ਹਨ। ਉਦਾਹਰਣ ਵਜੋਂ ਲੰਡਨ ਤੋਂ ਬਾਹਰ ਜਾ ਕੇ ਜਿਹੜੀ ਪਹਿਲੀ ਮੇਨ ਸੜਕ ਕਿਸੇ ਹੋਰ ਸ਼ਹਿਰ ਲਈ ਨਿਕਲੇਗੀ ਉਸ ਨੂੰ ਜੰਕਸ਼ਨ ਵਨ (ਇਕ) ਕਿਹਾ ਜਾਂਦਾ ਹੈ ਅਤੇ ਬਹੁਤ ਵਡੇ ਬੋਰਡ ਤੇ ਇਹ ਲਿਖਿਆ ਹੁੰਦਾ ਹੈ। ਇਸੇ ਤਰ੍ਹਾਂ ਅਗੇ ਜੰਕਸ਼ਨ ਇਕ ਦੋ ਤਿੰਨ ਅਤੇ ਅਗੇ ਚਲ ਸੋ ਚਲ। ਭਾਵੇਂ ਸੜਕਾਂ ਤੇ ਮੀਲਾਂ ਦੇ ਨਿਸ਼ਾਨ ਵੀ ਹਨ ਅਤੇ ਵੱਖ ਵੱਖ ਸ਼ਹਿਰਾਂ ਦੇ ਫਾਸਲੇ ਵੀ ਲਿਖੇ ਹੁੰਦੇ ਹਨ ਪਰ ਇਕ ਜੰਕਸ਼ਨ ਤੋਂ ਬਾਅਦ ਦੂਸਰਾ ਤਾਂ ਕਈ ਮੀਲਾਂ ਬਾਅਦ ਆਵੇਗਾ। ਇਸ ਤਰ੍ਹਾਂ ਕਿਤੇ ਸ਼ਹਿਰ ਤੋਂ ਸੌ ਮੀਲ ਤੇ ਤੁਸੀਂ ਮੁੜਨਾ ਹੋਵੇਗਾ ਤਾਂ ਤੁਸੀਂ ਕਹੋ ਜੰਕਸ਼ਨ ਨੰਬਰ ਚੋਦਾਂ ਜਾਂ ਵੀਹ ਤੋਂ ਮੁੜਨਾ ਹੈ।.ਇੰਗਲੈਂਡ ਵਿਚ ਟਰੈਫਕ ਭਾਰਤ ਵਾਂਗ ਖੱਬੇ ਪਾਸੇ ਹੀ ਚਲਦਾ ਹੈ। ਮੋਟਰਵੇਜ਼ ਛੱਡ ਕੇ ਜਦੋਂ ਕਿਸੇ ਹੋਰ ਸੜਕ ਤੇ ਜਾਣਾ ਹੋਵੇ ਤਾਂ ਹਮੇਸ਼ਾ ਖੱਬੇ ਪਾਸੇ ਹੀ ਨਿਕਲਿਆ ਜਾਵੇਗਾ। ਕਾਰ ਨੂੰ ਇਸ਼ਾਰੇ ਕਰਕੇ ਪਹਿਲਾਂ ਹੀ ਖੱਬੇ ਪਾਸੇ ਲੈ ਆਂਦਾ ਜਾਂਦਾ ਹੈ। ਅਪਣੇ ਮੋੜ ਦੇ ਬੋਰਡ ਦੂਰੋਂ ਹੀ ਪਤਾ ਲਗ ਜਾਂਦੇ ਹਨ। ਜਿਵੇਂ ਲਿਖਿਆ ਹੋਵੇਗਾ ਜੰਕਸ਼ਨ ਨੰਬਰ ਅਠਾਰਾਂ ਇਥੋਂ ਦੋ ਮੀਲ ਤੇ ਹੈ ਇਥੋਂ ਇਸ ਇਸ ਸ਼ਹਿਰ ਲਈ ਮੁੜੋ। ਅਪਣੇ ਜੰਕਸ਼ਨ ਤੋਂ ਇਕ ਸੜਕ ਹੋਲੀ ਹੋਲੀ ਵਖਰੀ ਹੋ ਜਾਵੇਗੀ। ਜੇ ਮੁਖ ਸੜਕ ਦੇ ਸੱਜੇ ਪਾਸੇ ਕਿਸੇ ਜਗਹ ਵਲ ਜਾਣਾ ਹੈ ਤੇ ਪਹਿਲਾਂ ਖੱਬੇ ਹੋ ਕੇ ਕਿਤੇ ਅਗੇ ਜਾ ਕੇ ਪਹਿਲੀ ਸੜਕ ਦੇ ਉਪਰੋਂ ਜਾਂ ਥਲਿਓਂ ਲੰਘ ਕੇ ਸੱਜੇ ਪਾਸੇ ਵਲ ਜਾਵੋਗੇ। ਭਾਵ ਕਿ ਬਗੈਰ ਜ਼ਿਆਦਾ ਰਫਤਾਰ ਘਟਾਇਆਂ ਅਤੇ ਬਗੈਰ ਰੁਕਿਆਂ ਅਪਣਾ ਸਫਰ ਜਾਰੀ ਰਖੋਗੇ। ਅਗੋਂ ਵੀ ਸੜਕਾਂ ਦੇ ਨੰਬਰ ਜੰਕਸ਼ਨਾਂ ਦੇ ਨੰਬਰ ਮੀਲਾਂ ਦੀ ਵਿਥ ਅਗੇ ਗਲੀਆਂ ਸੜਕਾਂ ਨਾਮ ਅਤੇ ਅੰਤ ਦੇ ਮਕਾਨਾਂ ਦੇ ਨੰਬਰ ਇਸ ਢੰਗ ਨਾਲ ਲਿਖੇ ਹੁੰਦੇ ਹਨ ਕਿ ਬਗੈਰ ਪੁਛੇ ਤੁਸੀਂ ਜਿਸ ਘਰ ਪਹੁੰਚਣਾ ਹੈ ਉਥੇ ਕਾਰ ਲੈ ਜਾਵੋਗੇ। ਇਵੇਂ ਹੀ ਸ਼ਹਿਰ ਤੋਂ ਬਾਹਰ ਹੋਰ ਸ਼ਹਿਰਾਂ ਨੂੰ ਜਾਣ ਵਾਸਤੇ ਸ਼ਹਿਰ ਦੇ ਕੇਂਦਰ (City Centre) ਤੋਂ ਨਿਸ਼ਾਨ, ਨੰਬਰ, ਮੀਲ ਅਤੇ ਸ਼ਹਿਰਾਂ ਦੇ ਨਾਮਾਂ ਦੇ ਬੋਰਡ ਏਸ ਤਰ੍ਹਾਂ ਸ਼ੁਰੂ ਹੋ ਜਾਂਦੇ ਹਨ ਕਿ ਬਗੈਰ ਕਿਸੇ ਨੂੰ ਪੁਛੇ ਦਸੇ ਇਵੇਂ ਤੁਰੇ ਜਾਵੋਗੇ ਜਿਵੇਂ ਬੱਚਾ ਉਂਗਲੀ ਲਗ ਕੇ ਤੁਰਿਆ ਜਾਂਦਾ ਹੈ।

ਅਕਸਰ ਥਾਵਾਂ ਤੇ ਓਵਰ ਬਰਿਜ ਬਣਾ ਕੇ ਟਰੈਫਿਕ ਏਧਰ ਓਧਰ ਤੋਰਿਆ ਜਾਂਦਾ ਹੈ। ਬਰਮਿੰਘਮ ਕੋਲ ਅਜਿਹੇ ਓਵਰ ਬਰਿਜਾਂ (ਪੁਲਾਂ) ਦਾ ਅਜਿਹਾ ਤਾਣਾ ਬਾਣਾ ਹੈ ਕਿ ਉਸ ਨੂੰ ਸੇਂਵੀਆਂ ਵਾਲੇ ਪੁਲ ਦਾ ਨਾਮ ਦਿਤਾ ਗਿਆ ਹੈ। ਜਿਵੇਂ ਇਨਸਾਨੀ ਸਰੀਰ ਦੀਆਂ ਨਾੜਾਂ ਪੀਚੀਆਂ ਹੁੰਦੀਆਂ ਹਨ ਇਵੇਂ ਇਥੇ ਸੜਕਾਂ ਇਕ ਦੂਜੀ ਵਿਚ ਅਲਚੀਆਂ ਪਲਚੀਆਂ ਹਨ। ਇਥੇ ਬਸ ਅਪਣੀ ਸੜਕ ਦਾ ਨੰਬਰ ਯਾਦ ਹੋਣਾ ਚਾਹੀਦਾ ਹੈ ਤਾਂ ਹੀ ਤੁਸੀਂ ਅਪਣੀ ਮੰਜ਼ਿਲ ਤੇ ਪਹੁੰਚ ਸਕੋਗੇ ਜੇ ਜ਼ਰਾ ਵੀ ਗਲਤੀ ਹੋ ਗਈ ਤਾਂ ਪੰਜਾਹ ਮੀਲ ਦਾ ਸਫਰ ਵੀ ਪੈ ਸਕਦਾ ਹੈ। ਤੁਸੀਂ ਲੈਸਟਰ ਜਾਣ ਦੀ ਥਾਂ ਲੰਡਨ ਵਲ ਚਲ ਸਕਦੇ ਹੋ।

ਮੁੱਖ ਮੋਟਰਵੇਜ਼ ਤੇ ਆਲੇ ਦੁਆਲੇ ਨਾ ਤਾਂ ਦੁਕਾਨਾਂ ਆਉਂਦੀਆਂ ਹਨ ਨਾ ਕਾਰ ਖਲੋ ਸਕਦੀ ਹੈ ਬਗੈਰ ਐਮਰਜੰਸੀ ਦੇ। ਪਿਸ਼ਾਬ ਕਰਨ ਲਈ ਵੀ ਖੁਲੇ ਥਾਂ ਦੀ ਵਰਤੋਂ ਨਹੀਂ ਹੋਵੇਗੀ। ਦਸ ਬਾਰਾਂ ਮੀਲਾਂ ਦੀ ਵਿਥ ਜਾਂ ਇਸ ਤੋਂ ਵੀ ਜ਼ਿਆਦਾ ਤੇ ਸਰਵਿਸ ਸਟੇਸ਼ਨ ਕੇਂਦਰ ਬਣੇ ਹਨ। ਇਹ ਸੜਕ ਤੋਂ ਖੱਬੇ ਪਾਸੇ ਬਹੁਤ ਵੱਡਾ ਮੈਦਾਨ ਹੁੰਦਾ ਹੈ ਇਥੇ ਬਹੁਤ ਸਾਰੀਆਂ ਕਾਰਾਂ ਬੱਸਾਂ ਟਰੱਕ ਖਲੋ ਸਕਦੇ ਹਨ ਪਰ ਇਕ ਤਰਤੀਬ ਵਿਚ। ਇਸ ਮਕਸਦ ਵਾਸਤੇ ਬਣੀਆਂ ਥਾਵਾਂ ਤੇ ਜੋ ਕਿ ਨਿਸ਼ਾਨ ਲਾ ਕੇ ਬਣਾਈਆਂ ਹੁੰਦੀਆਂ ਹਨ । ਇਥੇ ਗੱਡੀਆਂ ਵਿਚ ਪੈਟਰੋਲ ਪਾਇਆ ਜਾ ਸਕਦਾ ਹੈ। ਕੁਝ ਖਾਧਾ ਪੀਤਾ ਜਾ ਸਕਦਾ ਹੈ, ਪਿਸ਼ਾਬ ਅਤੇ ਜੰਗਲ ਜਾਇਆ ਜਾ ਸਕਦਾ ਹੈ ਅਤੇ ਆਰਾਮ ਵੀ ਕੀਤਾ ਜਾ ਸਕਦਾ ਹੈ। ਕੇਵਲ ਤੇ ਕੇਵਲ ਇਹ ਹੀ ਥਾਂ ਹੁੰਦੀ ਹੈ ਜਿਥੇ ਕੁਝ ਦੇਰ ਠਹਿਰਿਆ ਜਾ ਸਕੇ।

ਕਾਰਾਂ ਪਾਰਕ ਕਰਨ (ਭਾਵ ਖੜੀਆਂ ਕਰਨ) ਲਈ ਸ਼ਹਿਰਾਂ ਵਿਚ ਬਹੁਤ ਵੱਡੇ ਵੱਡੇ ਕਾਰ ਪਾਰਕ ਬਣੇ ਹੋਏ ਹਨ। ਇਹ ਕਈ ਕਈ ਮੰਜ਼ਲੇ ਹੁੰਦੇ ਹਨ ਅਤੇ ਹਜ਼ਾਰਾਂ ਕਾਰਾਂ ਵੀ ਇਕੋ ਵਕਤ ਇਕ ਕਾਰ ਪਾਰਕਿੰਗ ਇਮਾਰਤ ਵਿਚ ਖਲੋ ਸਕਦੀਆਂ ਹਨ। ਕਾਰਾਂ ਖੜੀਆਂ ਕਰਨ ਦਾ ਕਿਰਾਇਆ ਲਿਆ ਜਾਂਦਾ ਹੈ ਜੋ ਬਹੁਤ ਥਾਈਂ ਮਸ਼ੀਨ ਵੀ ਉਗਰਾਹ ਲੈਂਦੀ ਹੈ। ਜਿੰਨਾ ਕਿਰਾਇਆ ਤੁਹਾਡਾ ਬਣਦਾ ਹੈ ਜਿੰਨੀ ਦੇਰ ਓਨੇ ਪੌਂਡ ਮਸ਼ੀਨ ਦੇ ਢਿਡ ਵਿਚ ਨਾ ਜਾਣ ਓਹ ਲੀਵਰ ਹੀ ਨਹੀਂ ਚੁਕਦੀ। ਇਹ ਕਾਰ ਪਾਰਕ ਬਹੁਤ ਥਾਈਂ ਬਣੇ ਹੋਏ ਹਨ ਲਗ ਪਗ ਹਰ ਥਾਂ ਹੀ ਲਭ ਜਾਣਗੇ।

ਸਾਡਾ ਕਾਰਾਂ ਦਾ ਕਾਫਲਾ ਲੀਡਜ਼ ਤੋਂ ਸਵੇਰੇ ਸਵੇਰੇ ਹੀ ਚਲ ਪਿਆ ਸੀ। ਮੇਰੀ ਸਵਾਰੀ ਰੰਧਾਵਾ ਜੀ ਦੀ ਕਾਰ



Sri Satguru Jagjit Singh Ji Elibrary NamdhariElibrary@gmail.com

ਵਿਚ ਸੀ। ਗੇਅਰ ਲੀਵਰ ਦੇ ਹੇਠ ਵਾਲਾ ਖਾਨਾ ਸੁਕੇ ਮੇਵਿਆਂ ਨਾਲ ਭਰਿਆ ਪਿਆ ਸੀ। ਬਾਦਾਮ, ਕਿਸ਼ਮਿਸ਼, ਪਿਸਤਾ, ਅਖਰੋਟ, ਖੁਰਮਾਨੀਆਂ। ਜਦੋਂ ਸਤਿਗੁਰੂ ਜੀ ਦਾ ਦੌਰਾ ਹੁੰਦਾ ਹੈ ਤਾਂ ਰੰਧਾਵਾ ਜੀ ਇਹ ਖਾਨਾ ਇਵੇਂ ਹੀ ਭਰ ਕੇ ਰਖਦੇ ਹਨ। ਲੰਮੇ ਸਫਰਾਂ ਵਿਚ ਸਾਧ ਸੰਗਤ ਇਹ ਪਦਾਰਥ ਛੱਕ ਲੈਂਦੀ ਹੈ ਤਾਂ ਉਹ ਫੇਰ ਭਰ ਦਿੰਦੇ ਹਨ। ਗੁਰੂ ਭਾਵਨਾ ਅਤੇ ਸਤਿਕਾਰ ਨੂੰ ਮੁਖ ਰਖਦਿਆਂ ਪਤਾ ਨਹੀਂ ਸਿਖ ਕੀ ਕੀ ਸੇਵਾ ਕਰਦੇ ਹਨ ਪਰ ਪ੍ਰਗਟ ਨਹੀਂ ਹੋਣ ਦਿੰਦੇ । ਅਸੀਂ ਤਾਂ ਜਿੰਨਾਂ ਕੁ ਪਰਦਾ ਸਰਕਾ ਕੇ ਵੇਖ ਲੈਂਦੇ ਹਾਂ ਓਨਾ ਵਰਨਣ ਕਰ ਸਕਦੇ ਹਾਂ।

ਲੈਸਟਰ ਦੇ ਬਾਹਰ ਕੈਫੀਨੇ ਤੇ ਕੁਲਦੀਪ ਸਿੰਘ ਦੀ ਸਫੇਦ ਪੁਸ਼ਾਕ ਦੂਰੋਂ ਹੀ ਲਿਸ਼ਕਦੀ ਦਿਸ ਪਈ ਸੀ। ਉਹ ਸਾਡਾ ਇੰਤਜ਼ਾਰ ਕਰ ਰਿਹਾ ਸੀ । ਉਥੇ ਸਾਰੀਆਂ ਕਾਰਾਂ ਰੁਕੀਆਂ। ਸਵਾਰੀਆਂ ਨੇ ਕੁਝ ਦੇਰ ਬਾਹਰ ਨਿਕਲਕੇ ਲੱਤਾਂ ਸਿਧੀਆਂ ਕੀਤੀਆਂ। ਮੈਂ ਕੁਲਦੀਪ ਸਿੰਘ ਦੀ ਕਾਰ ਵਿਚ ਸਵਾਰ ਹੋਇਆ। ਪਹਿਲਾਂ ਕਾਨੂੰਨ ਅਨੁਸਾਰ ਕਾਰ ਲੰਡਨ ਵਲ ਗਈ ਤਿੰਨ ਮੀਲ ਤੇ ਖੱਬੇ ਨੂੰ ਛੋਟੀ ਸੜਕ ਤੇ ਗਈ ਫੇਰ ਸੱਜੇ ਹੱਥ ਚੱਕਰ ਲੈ ਕੇ ਪਹਿਲੀ ਵਡੀ ਸੜਕ ਦੇ ਹੇਠੋਂ ਦੀ ਨਿਕਲੀ ਅਗੇ ਇਕ ਗੋਲ ਚੱਕਰ ਦੁਆਲਿਓਂ ਘੁਮ ਕੇ ਮੁੜ ਵਾਪਸ ਵੱਡੀ ਸੜਕ ਤੇ ਆ ਗਈ ਅਤੇ ਇਵੇਂ ਹੀ ਘੁਮ ਘੁਮਾ ਕੇ ਪੰਜਾਂ ਸੱਤਾਂ ਮਿੰਟਾਂ ਵਿਚ ਅਸੀਂ ਘਰ ਕੋਲਵਿਲ ਪੁਜ ਗਏ।

## ਕੋਲਵਿਲ

੨੬ ਅਤੇ ੨੭ ਅਪਰੈਲ ਦਾ ਸਾਰੇ ਦਿਨ ਅਸੀਂ ਕੋਲਵਿਲ ਰਹੇ। ਸ: ਗੁਰਚੈਨ ਸਿੰਘ ਫਲੋਰਾ ਜੀ ਨਾਲ ਕਦੀ ਮਾਰਕਿਟ ਹੋ ਆਉਣਾ ਅਤੇ ਕਦੇ ਲੈਸਟਰ ਸ਼ਹਿਰ। ਕੋਲਵਿਲ ਇਕ ਬਹੁਤ ਸ਼ਾਂਤ ਅਤੇ ਏਕਾਂਤ ਥਾਂ ਹੈ। ਕੋਲਵਿਲ ਨੂੰ ਭਾਵੇਂ ਪਿੰਡ ਕਿਹਾ ਜਾਂਦਾ ਹੈ ਪਰ ਸਾਡੇ ਭਾਰਤੀ ਤਸੱਵਰ ਦੇ ਪਿੰਡ ਵਾਲੀ ਕੋਈ ਗੱਲ ਨਹੀਂ । ਇਹ ਸ਼ਹਿਰ ਹੀ ਹੈ ਛੋਟੀ ਆਬਾਦੀ ਵਾਲਾ। ਇੰਗਲੈਂਡ ਵਿਚ ਸਾਡੇ ਪਿੰਡਾਂ ਵਰਗਾ ਕੋਈ ਪਿੰਡ ਨਹੀਂ ਹੋਵੇਗਾ। ਮੁਕੰਮਲ ਤੌਰ ਤੇ ਸੜਕਾਂ ਪੱਕੀਆਂ ਅਤੇ ਚੌੜੀਆਂ, ਟੈਲੀਫੋਨ, ਪਾਣੀ, ਬਿਜਲੀ ਅਤੇ ਟਰਾਂਪੋਰਟ ਦੀਆਂ ਸਹੂਲਤਾਂ। ਹਰ ਇਕ ਮਕਾਨ ਹੀ ਨਕਸ਼ੇ ਅਨੁਸਾਰ ਬਣਿਆ ਹੋਇਆ। ਕੋਲਵਿਲ ਵਿਚ ਕੋਲੇ ਦੀ ਖਾਨ ਹੈ ਜਿਥੋਂ ਕੋਲਾ ਨਿਕਲਦਾ ਹੈ। ਦਸਿਆ ਗਿਆ ਹੈ ਕਿ ਕਈਆਂ ਆਬਾਦੀਆਂ ਦੇ ਥਲਿਓਂ ਦੀ ਕੋਲਾ ਕਢਣ ਵਾਲੀਆਂ ਸੁਰੰਗਾਂ ਜਾਂਦੀਆਂ ਹਨ। ਇਥੇ ਕਾਲਜ ਵੀ ਹਨ, ਸਕੂਲ ਵੀ, ਖੇਡਾਂ ਦੇ ਮੈਦਾਨ ਲੋਕਲ ਬਸ ਸਰਵਿਸ ਅਤੇ ਲੋਕਲ ਅਖਬਾਰ ਵੀ ਹਨ। ਸਾਰੇ ਸ਼ਹਿਰ ਵਿਚ ਇਹ ਇਕ ਪਰਿਵਾਰ ਹੀ ਪੰਜਾਬੀਆਂ ਦਾ ਦਿਸਿਆ ਬਾਕੀ ਸਭ ਗੋਰੇ ਰਹਿੰਦੇ ਹਨ। ਇਸ ਦੇ ਮੁਕਾਬਲੇ ਵਿਚ ਲੈਸਟਰ ਸ਼ਹਿਰ, ਬਰਮਿਘਮ, ਲੀਡਜ਼, ਲੰਡਨ ਆਦਿ ਸ਼ਹਿਰਾਂ ਵਿਚ ਵਡੀ ਤਾਦਾਦ ਵਿਚ ਪੰਜਾਬੀ ਹਨ। ਕੋਲਵਿਲ ਵਿਚ ਤਗੜੀ ਮਾਰਕਿਟ ਹੈ।

ਫਲੋਰਾ ਸਾਹਿਬ ਦਾ ਘਰ ਬਹੁਤ ਸਲੀਕੇ ਨਾਲ ਸਜਾਇਆ ਹੋਇਆ ਹੈ ਉਹ ਆਪ ਉੱਚ ਕੋਟੀ ਦੇ ਡੀਜ਼ਾਈਨਰ ਅਤੇ ਆਰਕੀਟੈਕਟ ਹਨ ਅਤੇ ਇਸ ਗੱਲ ਦੀ ਝਲਕ ਉਹਨਾਂ ਦਾ ਘਰ ਵੇਖ ਕੇ ਭਲੀ ਪ੍ਰਕਾਰ ਪ੍ਰਗਟ ਹੋ ਜਾਂਦੀ ਹੈ । ਘਰ ਦੇ ਪਿਛੇ ਇਕ ਘਾਹ ਦੀ ਟੁਕੜੀ ਹੈ ਜਿਥੇ ਰੀਝ ਨਾਲ ਹੋਰ ਵੀ ਬੂਟੇ ਲਾਏ ਹੋਏ ਹਨ। ਪਾਰ ਖੇਤਾਂ ਦਾ ਦ੍ਰਿਸ਼ ਹੈ ਅਤੇ ਉਸ ਤੋਂ ਪਰੇ ਇਕ ਮਸਨੂਈ ਘਾਹਦਾਰ ਪਹਾੜੀ ਬਹੁਤ ਸੁਹਾਵਣੀ ਲਗਦੀ ਹੈ। ਘਰ ਵਿਚ ਇਕ ਛੋਟੀ ਜਿਹੀ ਲਾਇਬਰੇਰੀ ਵੀ ਹੈ। ਜਿਸ ਵਿਚ ਹਰ ਪ੍ਰਕਾਰ ਦੀਆਂ ਪੁਸਤਕਾਂ ਹਨ । ਸਿਹਤ ਵਿਗਿਆਨ ਸਬੰਧੀ ਵਡਮੁਲੇ ਗ੍ਰੰਥ ਹਨ।

ਸਵੇਰੇ ਕੋਈ ਤਿੰਨ ਵਜੇ ਤੋਂ ਪਰਿਵਾਰ ਦੇ ਮੈਂਬਰ ਵਾਰੀ ਵਾਰੀ ਉੱਠ ਕੇ ਚੁਪ ਚੁਪੀਤੇ ਇਸ਼ਨਾਨ ਕਰਕੇ ਫੇਰ ਭਜਨ ਅਤੇ ਭਗੌਤੀਆਂ ਦੀਆਂ ਮਾਲਾ ਫੇਰਨੀਆਂ ਸ਼ੁਰੂ ਕਰ ਦਿੰਦੇ ਹਨ। ਅਤੇ ਅਪਣੇ ਨਿਤਨੇਮ ਨੂੰ ਬਹੁਤ ਸਮਾਂ ਦਿੰਦੇ ਹਨ। ਸਵੇਰ ਦਾ ਨਾਸ਼ਤਾ ਵੀ ਬੀਬੀਆਂ ਚੁਪ ਚਪੀਤਿਆਂ ਭਜਨ ਕਰਦਿਆਂ ਹੀ ਤਿਆਰ ਕਰਦੀਆਂ। ਨੌਂ ਕੁ ਵਜੇ ਦੋਵੇਂ ਲੜਕੇ ਕੁਲਦੀਪ ਸਿੰਘ ਤੇ ਅਮ੍ਰਿਤਪਾਲ ਸਿੰਘ ਅਪਣੀਆਂ ਅਪਣੀਆਂ ਕਾਰਾਂ ਰਾਹੀਂ ਲੈਸਟਰ ਚਲੇ ਜਾਂਦੇ ਹਨ ਜਿਥੇ ਉਹਨਾਂ ਦਾ ਕਾਰੋਬਾਰ ਹੈ। ਫਲੋਰਾ ਜੀ ਦੀ ਲੜਕੀ ਅਮ੍ਰਿਤ ਕੌਰ ਅਤੇ ਉਸਦਾ ਪਤੀ ਗੁਰਮੀਤ ਸਿੰਘ ਵਖਰੇ ਮਕਾਨ ਵਿਚ ਰਹਿੰਦੇ ਹਨ। ਗੁਰਮੀਤ ਸਿੰਘ ਜਬਲਪੁਰ ਵਾਲੇ ਸ: ਮੇਲਾ ਸਿੰਘ ਜੀ ਦਾ ਲੜਕਾ ਹੈ ਅਤੇ ਬਹੁਤ ਸਾਊ ਪੁਰਸ਼ ਹੈ। ਫਲੋਰਾ ਜੀ ਦੇ ਘਰੋਂ, ਭੈਣ ਰਸ਼ਪਾਲ ਕੌਰ ਆਪਣੀਆਂ ਦੋਹਾਂ ਨੂੰਹਾਂ (ਲੇਖਕ ਦੀਆਂ ਸਪੁਤਰੀਆਂ) ਗੁਰਦਰਸ਼ ਕੌਰ ਅਤੇ ਸਤਵੰਤ ਕੌਰ ਨਾਲ ਬਹੁਤ ਪਰੇਮ ਨਾਲ ਰਹਿੰਦੀਆਂ ਹਨ। ਸਰਦਾਰ ਫਲੋਰਾ ਜੀ ਅਤੇ ਭੈਣ ਜੀ ਨੈਰੋਬੀ ਤੋਂ ਹੋਲਾ ਵੇਖਣ ਹੀ



Sri Satguru Jagjit Singh Ji Elibrary NamdhariElibrary@gmail.com

ਆਏ ਹੋਏ ਹਨ ਕੁਝ ਦਿਨ ਰਹਿ ਕੇ ਵਾਪਸ ਚਲੇ ਜਾਣਗੇ। ਇਸ ਵੇਲੇ ਭਰਪੂਰ ਪਰਿਵਾਰ ਫੇਰ ਇਕੱਠਾ ਹੋਇਆ ਹੈ। ਪਰ ਸਾਰਿਆਂ ਤੋਂ ਅਹਿਮ ਸ਼ਖਸੀਅਤ ਛੋਟਾ ਕਾਕਾ ਹੈ। ਨਾਮ ਕੁਲਵੰਤ ਸਿੰਘ ਸਤਿਗੁਰਾਂ ਰਖਿਆ ਹੈ। ਸਾਰਿਆਂ ਦੀਆਂ ਨਜ਼ਰਾਂ ਦਾ ਕੇਂਦਰ ਬਹੁਤ ਹਸਮੁਖ ਤੇ ਸੋਹਣਾ ਹੈ। ਘਰ ਵਿਚ ਉਸਦੀ ਹਰ ਅਦਾ ਅਤੇ ਫਿਜ਼ਾ ਹੋਇਆ ਜਾਂਦਾ ਹੈ। ਉਸ ਦੀ ਹਰ ਇਛਾ ਤੋਂ ਨਿਛਾਵਰ। ਸ: ਗੁਰਚੈਨ ਸਿੰਘ ਜੀ ਵਰਗੇ ਗਿਆਨੀ ਪੁਰਸ਼ ਦਾ ਕਹਿਣਾ ਹੈ ਕਿ "ਇਸ ਕਾਕੇ ਵਾਸਤੇ ਮੇਰਾ ਬਹੁਤ ਮੋਹ ਜਾਗ ਪਿਆ ਹੈ।" ਉਹ ਘਰ ਦਾ ਹੀਰੋ ਹੈ। ਚਸ਼ਮੇ ਬਦਦੂਰ।

## ਮੁੜ ਲੰਡਨ

ਅਠਾਈ ਅਪਰੈਲ ਨੂੰ ਅਸੀਂ ਸਾਰਾ ਪਰਿਵਾਰ ਕੋਲਵਿਲ ਤੋਂ ਚਲ ਕੇ ਮੁੜ ਲੰਡਨ ਪੁਜੇ। ਸਾਰੀਆਂ ਸੰਗਤਾਂ ਪਹਿਲੋਂ ਹੀ ਪੁਜ ਚੁੱਕੀਆਂ ਸਨ। ਲੰਡਨ ਵਿਚ ਇਕ ਇਲਾਕਾ ਹੈ ਈਸਟ ਹੈਮ ਇਥੇ ਬਹੁਤ ਸਾਰੇ ਨਾਮਧਾਰੀ ਸਿੰਘਾਂ ਅਤੇ ਹੋਰ ਪੰਜਾਬੀਆਂ ਦੇ ਘਰ ਹਨ। ਇਥੋਂ ਦੀ ਇਕ ਸੜਕ ਅਪਟਨ ਲੇਨ ਉਪਰ ਨਾਮਧਾਰੀ ਧਰਮਸਾਲਾ ਸਥਿਤ ਹੈ ਜੋ ਕਿ ਨਾਮਧਾਰੀ ਸੰਗਤ ਯੂ.ਕੇ. ਦਾ ਹੈਡਕਵਾਟਰ ਵੀ ਹੈ। ਇਕ ਦੀਵਾਨ ਹਾਲ ਹੈ ਨਾਲ ਲੰਗਰ ਤਿਆਰ ਕਰਨ ਅਤੇ ਲੰਗਰ ਛਕਾਉਣ ਲਈ ਕਮਰੇ ਹਨ ਖੁਲੀ ਜਗਹ ਵੀ ਨਾਲ ਕਾਫੀ ਹੈ। ਧਰਮਸਾਲਾ ਨੂੰ ਦੋ ਪਾਸਿਆਂ ਤੋਂ ਸੜਕਾਂ ਲਗਦੀਆਂ ਹਨ। ਅਜ ਇਹ ਇਲਾਕਾ ਸਫੈਦ ਹੋਇਆ ਪਿਆ ਸੀ। ਨਾਮਧਾਰੀ ਮਰਦ-ਔਰਤਾਂ ਬੱਚੇ ਬੁੱਢੇ ਜਵਾਨ ਪੈਦਲ ਜਾਂ ਕਾਰਾਂ ਰਾਹੀਂ ਧਰਮਸਾਲਾ ਵਲ ਜਾ ਰਹੇ ਸਨ। ਇਹ ਦ੍ਰਿਸ਼ ਪਰਸੋਂ ਦੇ ਹੀ ਚਾਲੂ ਹਨ ਜਦੋਂ ਤੋਂ ਸਤਿਗੁਰੂ ਜੀ ਲੀਡਜ਼ ਤੋਂ ਇਥੋਂ ਪਧਾਰੇ ਹਨ। ਨਾਮਧਾਰੀ ਧਰਮਸਾਲਾ ਦੀ ਇਮਾਰਤ ਸਾਦਾ ਅਤੇ ਸਾਤਵਿਕ ਪ੍ਰਭਾਵ ਦਿੰਦੀ ਹੈ। ਇਸ ਜਗਹ ਤੇ ਬਹੁਮੰਤਵੀ ਆਲੀਸ਼ਾਨ ਇਮਾਰਤ ਬਨਾਉਣ ਵਾਸਤੇ ਨਕਸ਼ੇ ਤਿਆਰ ਪਏ ਹਨ। ਇਥੇ ਖੂਹੀ ਵੀ ਲਗੇਗੀ। ਖੂਹੀ ਵਾਸਤੇ ਇਜਾਜ਼ਤ ਬਹੁਤ ਮੁਸ਼ਕਿਲ ਮਿਲਦੀ ਹੈ ਪਰ ਧਾਰਮਕ ਨਿਯਮਾਵਲੀ ਵਿਚ ਇਹ ਗੱਲ ਹੋਣ ਕਰਕੇ ਇਜਾਜ਼ਤ ਮਿਲ ਜਾਵੇਗੀ। ਹੁਣ ਸੋਧ ਦਾ ਜਲ ਦਰਿਆ ਤੋਂ ਦੂਰੋਂ ਲਿਆ ਕੇ ਸਟੋਰ ਕੀਤਾ ਜਾਂਦਾ ਹੈ।

ਜਦੋਂ ਅਸੀਂ ਦੀਵਾਨ ਵਿਚ ਪੁਜੇ ਤਾਂ ਸ਼ਾਮ ਦਾ ਨਿਤਨੇਮ ਚਲ ਰਿਹਾ ਸੀ। ਸਤਿਗੁਰੂ ਜਗਜੀਤ ਸਿੰਘ ਜੀ ਅਪਣੇ ਆਸਨ ਤੇ ਸਸ਼ੋਭਤ ਦਰਸ਼ਨ ਦੇ ਰਹੇ ਸਨ ਅਤੇ ਸਾਰੀਆਂ ਸੰਗਤਾਂ ਸਤਿਗੁਰਾਂ ਨੂੰ ਨਮਸਕਾਰ ਕਰ ਕਰ ਕੇ ਪੂਰਨ ਖਾਮੋਸ਼ੀ ਨਾਲ ਥਾਉਂ ਥਾਈਂ ਬੈਠ ਰਹੀਆਂ ਸਨ। ਨਾਮ ਸਿਮਰਨ ਹੋ ਰਿਹਾ ਸੀ। ਮਾਲਾ ਚਲ ਰਹੀਆਂ ਸਨ ਅਤੇ ਬੁਲ ਫਰਕ ਰਹੇ ਸਨ। ਇਸ ਖਾਮੋਸ਼ੀ ਨੂੰ ਇਕ ਬਹੁਤ ਅਧਿਆਤਮਕ ਆਵਾਜ਼ ਤੋੜ ਰਹੀ ਸੀ। ਧੁਰ ਤੱਕ ਅੰਦਰ ਲਹਿ ਜਾਣ ਵਾਲੀ ਆਵਾਜ਼ ਇਕ ਟੇਪ ਰਿਕਾਰਡਰ ਵਿਚੋਂ ਆ ਰਹੀ ਸੀ। ਇਹ ਪਤਿਤ ਪਾਵਨੀ ਆਵਾਜ਼ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੇ ਉਪਦੇਸ਼ ਦੀ ਸੀ। ਦਿਲਾਂ ਨੂੰ ਧੂਹਾਂ ਪਾਉਂਦੀ, ਨਾਮ ਦਾਨ ਇਸ਼ਨਾਨ ਭਉ ਭਗਤੀ ਦਾ ਮਾਰਗ ਦ੍ਰਿੜਾਉਂਦੀ। ਪੂਰੇ ਸੱਤ ਵਜੇ ਨਾਮ ਸਿਮਰਨ ਦਾ ਅਰਦਾਸਾ ਹੋਇਆ ਅਤੇ ਰਾਗੀਆਂ ਦਾ ਕੀਰਤਨ ਆਰੰਭ ਹੋਇਆ। ਸੰਤ ਹਰਭਜਨ ਸਿੰਘ-ਹਰਬੰਸ ਸਿੰਘ-ਬਲਜੀਤ ਸਿੰਘ-ਸੁਖਵਿੰਦਰ ਸਿੰਘ ਕਮਲਜੀਤ ਸਿੰਘ ਅਤੇ ਜਥੇਦਾਰ ਦਾਨ ਸਿੰਘ ਜੀ ਨੇ ਕੀਰਤਨ ਆਰੰਭ ਕੀਤਾ। ਅਕਾਲ ਪੁਰਖ ਦੀ ਉਸਤਤੀ ਵਿਚ ਗੁਰੂ ਗੋਬਿੰਦ ਸਿੰਘ ਦੀ ਦਵਾਰਾ ਰਚਿਆ ਕਬਿੱਤ ਅਕਾਲ ਉਸਤਤ ਦੀ ਬਾਣੀ ਵਿਚੋਂ ਉਚਾਰਿਆ ਗਿਆ।

ਛੀਰ ਕੈਸੀ ਛੀਰਾ ਵਧ ਛਾਛ ਕੈਸੀ ਛਤ੍ਰਾ ਨੇਰ
ਛਪਾ ਕਰ ਕੈਸੀ ਛਬ ਕਾਲਿੰਦ੍ਰੀ ਕੇ ਕੂਲ ਕੇ
ਹੰਸਨੀ ਸੀ ਸੀਹਾ ਰੂਮ ਹੀਰਾ ਸੀ ਹੁਸੈਨਾਬਾਦ
ਗੰਗਾ ਕੈਸੀ ਧਾਰ ਚਲੀ ਸਾਤੋਂ ਸਿੰਧ ਰੂਲ ਕੇ
ਪਾਰਾ ਸੀ ਪਲਾਊ ਗਢ ਰੂਪਾ ਕੈਸੀ ਰਾਮਪੁਰ
ਸੋਰਾ ਸੀ ਸੁਰੰਗਾਬਾਦ ਨੀਕੇ ਰਹੀ ਝੂਲਕੇ।
ਚੰਪਾ ਸੀ ਚੰਦੇਰੀ ਕੋਟ ਚਾਂਦਨੀ ਸੀ ਚਾਂਦਾ ਗੜ੍ਹ
ਕੀਰਤੀ ਤਿਹਾਰੀ ਰਹੀ ਮਾਲਤੀ ਸੀ ਫੂਲਕੇ॥

ਸਤਿਗੁਰੂ ਜੀ ਦਾ ਆਪ ਕੀਰਤਨ ਵਿਚ ਸ਼ਾਮਲ ਹੋਣਾ ਅਤੇ ਧਰੁਪਦ ਸ਼ੈਲੀ ਵਿਚ ਗਾਉਣਾ। ਗੁਰੂ ਗੋਬਿੰਦ ਸਿੰਘ ਜੀ ਦੀ ਸੰਗੀਤਮਈ ਰਚਨਾ। ਪਖਾਵਜ, ਦਿਲਰੁਬਾ ਤਾਰ ਸ਼ਹਿਨਾਈ ਦੀ ਸੰਗਤ ਇਕ ਅਸਚਰਜ ਵਾਤਾਵਰਨ ਸਿਰਜ ਰਹੀ ਸੀ। ਉਸ ਬਾਅਦ ਚੌਥੇ ਪਾਤਸ਼ਾਹ ਜੀ ਦਾ ਸ਼ਬਦ

"ਰਾਮ ਰਾਮ ਬੋਲਿ ਬੋਲਿ ਖੋਜਤੇ ਵਡਭਾਗੀ॥
ਹਰਿ ਕਾ ਪੰਥੁ ਕੋਊ ਬਤਾਵੈ॥
ਹਉ ਤਾ ਕੈ ਪਾਇ ਲਾਗੀ॥"

ਪੜ੍ਹਿਆਂ ਗਿਆ ਅਤੇ ਕੀਰਤਨ ਦੀ ਸਮਾਪਤੀ ਹੋਈ। ਕੀਰਤਨ ਉਪਰੰਤ ਸ੍ਰੀਮਾਨ ਮਾਸਟਰ ਨਿਹਾਲ ਸਿੰਘ ਜੀ ਦਾ ਭਾਸ਼ਨ



Sri Satguru Jagjit Singh Ji Elibrary NamdhariElibrary@gmail.com

ਹੋਇਆ ।ਮਾਸਟਰ ਜੀ ਨਾਮਧਾਰੀ ਦਰਬਾਰ ਦੇ ਪ੍ਰਧਾਨ ਹਨਾ ਸਾਰੀ ਉਮਰ ਅਧਿਆਪਕੀ ਦੀ ਸੇਵਾ ਕੀਤੀ ਹੈ ਕਈ ਪੁਸਤਕਾਂ ਲਿਖੀਆਂ ਹਨ ਅਤੇ ਰਿਖੀਆਂ ਵਾਲਾ ਜੀਵਨ ਬਤੀਤ ਕੀਤਾ ਹੈ । ਸਤਿਗੁਰਾਂ ਦੇ ਪੂਰਨ ਭਰੋਸਾ ਰਖਣ ਵਾਲੇ ਵਿਦਵਾਨ ਨੇ ਅਪਣਾ ਭਾਸ਼ਨ ਦੀਵਾਨ ਨੰਦ ਲਾਲ ਦੀ ਫਾਰਸੀ ਗ਼ਜ਼ਲ ਨਾਲ ਸ਼ੁਰੂ ਕੀਤਾ :

### ਮਾਸਟਰ ਨਿਹਾਲ ਸਿੰਘ ਜੀ

ਦਿਲ ਅਗਰ ਦਾਨਾ ਬਵਦ ਅੰਦਰ ਕਿਨਾਰਸ਼
ਯਾਦ ਹਸ੍
ਚਸ਼ਮ ਗਰ ਬੀਨਾ ਬਵਦ ਹਰਫ ਤਰ ਦੀਦਾਰ ਹਸ੍

ਜਿਸ ਦੇ ਅਰਥ ਹਨ ਜੇ ਸਾਡਾ ਦਿਲ ਦਾਨਾ (ਸਿਆਣਾ) ਹੋਵੇ ਤਾਂ ਯਾਰ ਪ੍ਰੀਤਮ ਬੁਕਲ ਵਿਚੋਂ ਹੀ ਲਭ ਜਾਏ । ਜੇ ਸਾਡੇ ਨੇਤਰ ਪਹਿਚਾਨ ਕਰਨ ਵਾਲੇ ਹੋਣ ਤਾਂ ਸਤਿਗੁਰੂ ਦਾ ਦੀਦਾਰ ਹਰ ਜਗਹ ਕਰ ਸਕਦੇ ਹਾਂ । ਅਖੀਰ ਤੇ ਆਉਂਦਾ ਹੈ ਕਿ ਜੇ ਤੂੰ ਸਿਰ ਰਖਦਾ ਹੈ ਤਾਂ ਉਸ ਪਿਆਰੇ ਦੇ ਚਰਨਾਂ ਵਿਚ ਰਖ ਦੇ । ਜੇ ਤੇਰੇ ਵਿਚ ਜਾਨ ਹੈ ਤਾਂ ਉਸ ਤੋਂ ਵਾਰ ਦੇ ।

ਮਾਸਟਰ ਜੀ ਦਾ ਧੋਹ ਇਹ ਸੀ ਕਿ ਸਤਿਗੁਰਾਂ ਦੇ ਬਚਨਾਂ ਤੇ ਚਲਣਾ ਚਾਹੀਦਾ ਹੈ । ਅਪਣੀ ਇਸ ਗੱਲ ਦੇ ਸਮਰਥਨ ਵਿਚ ਉਹਨਾਂ ਕਈ ਸਾਖੀਆਂ ਸੁਣਾਈਆਂ । ਮਾਸਟਰ ਜੀ ਨੇ ਦਸਿਆ ਕਿ ਬਿਲਿਆਂ ਕੁਤਿਆਂ ਦੇ ਖੂਨ ਨਾਲ ਨਹੁ ਪਾਲਸ਼ਾਂ ਅਤੇ ਲਿਪਸਟਿਕਾਂ ਬਣਦੀਆਂ ਹਨ ਇਹਨਾਂ ਦਾ ਤਿਆਗ ਕਰੋ ।

ਮਾਸਟਰ ਜੀ ਤੋਂ ਉਪਰੰਤ ਜਥੇਦਾਰ ਸੂਬਾ ਸੇਵਾ ਸਿੰਘ ਜੀ ਦਾ ਦੀਵਾਨ ਸਜਿਆ ਅਤੇ ਉਧਰ ਸੰਤ ਨਿਰੰਜਨ ਸਿੰਘ ਗਹੀਰ ਦੇ ਘਰ ਇਕ ਹੋਰ ਵਿਸ਼ੇਸ਼ ਸੰਗੀਤ ਸਭਾ ਆਯੋਜਿਤ ਹੋਈ ।

### ੨੯ ਅਪਰੈਲ

ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਪੰਜਾਬੀ ਕਵੀ ਚੰਨਣ ਸਿੰਘ ਚਮਨ ਦੀਆਂ ਕਵਿਤਾਵਾਂ ਹੋਈਆਂ । ਚਮਨ ਜੀ ਦੀ ਸ੍ਰੀ ਭੈਣੀ ਸਾਹਿਬ ਵਾਲੀ ਕਵਿਤਾ ਨੇ ਤਾਂ ਸੰਗਤਾਂ ਨੂੰ ਭੈਣੀ ਸਾਹਿਬ ਦੀ ਧਰਤੀ ਤੇ ਹੀ ਲੈ ਆਂਦਾ । ਬਹੁਤ ਸ਼ਾਂਤ ਮਾਹੌਲ ਵਿਚ ਚਮਨ ਜੀ ਦੀਆਂ ਕਵਿਤਾਵਾਂ ਸਰਵਨ ਕੀਤੀਆਂ ਗਈਆਂ ।

### ਜਤਿੰਦਰਬੀਰ ਸਿੰਘ

ਦੀਵਾਨ ਦੀ ਸਮਾਪਤੀ ਉਪਰੰਤ ਇਕ ਨੌਜਵਾਨ ਮੇਰੇ ਸਾਹਮਣੇ ਖੜਾ ਸੀ ਜਿਸ ਨੇ ਮੈਨੂੰ ਸਟੇਜ ਤੇ ਬੋਲਦਿਆਂ ਹੁਣੇ ਹੀ ਦੇਖਿਆ ਸੁਣਿਆ ਸੀ । ਸਤਿ ਸ੍ਰੀ ਅਕਾਲ ਦਾ ਉਤਰ ਤਾਂ ਦਿਤਾ ਪਰ ਪਛਾਣਿਆ ਨਾ ਗਿਆ । ਜਦੋਂ ਉਸ ਨੇ ਕੁਝ ਸ਼ਬਦ ਹੋਰ ਬੋਲੇ ਤਦ ਮੈਨੂੰ ਯਾਦ ਆਇਆ ਇਹ ਕੌਣ ਹੈ । ਜਲੰਧਰ ਵਿਚ ਮਿਲਿਆਂ ਨੂੰ ਕਈ ਸਾਲ ਹੋ ਚੁਕੇ ਸਨ ਅਤੇ ਨੌਜਵਾਨ ਬਾਲ ਵਰੇਸ ਤੋਂ ਟੱਪ ਹੁਣ ਜਵਾਨ ਉਮਰ ਵਿਚ ਹੋ ਕੇ ਪੜ੍ਹ ਲਿਖ ਕੇ ਸ਼ਾਦੀ ਕਰਵਾ ਟਬਰਦਾਰ ਹੋ ਇੰਗਲੈਂਡ ਵਿਚ ਸਥਾਪਤ ਸੀ । ਇਹ ਸੀ ਜਤਿੰਦਰ ਬੀਰ ਸਿੰਘ, ਜਲੰਧਰ ਦੇ ਮਸ਼ਹੂਰ ਉਦਯੋਗਪਤੀ ਸ: ਸਾਧੂ ਸਿੰਘ ਆਫ ਸੰਤ ਇੰਜੀਨਅ-ਰਿੰਗ ਵਰਕਸ ਦਾ ਸਪੁਤਰ । ਜਤਿੰਦਰ ਨੂੰ ਛੋਟਿਆਂ ਹੁੰਦਿਆਂ ਤੋਂ ਮੈਂ ਜਾਣਦਾ ਸਾਂ । ਫੇਰ ਉਹ ਚੰਡੀਗੜ੍ਹ ਕਾਨੂੰਨ ਦੀ ਪੜ੍ਹਾਈ ਕਰਨ ਚਲਾ ਗਿਆ ਸੀ ਅਤੇ ਅੱਜ ਮੇਰੇ ਸਾਹਮਣੇ ਖੜਾ ਸੀ । ਉਪਰ ਨਾਮਧਾਰੀਆਂ ਵਰਗੀ ਪੱਗ ਥਲੇ ਪੈਂਟ ਸ਼ਰਟ ਪਾਈ ਹੋਈ ਸੀ । ਉਹ ਪਗੜੀ ਅਜ ਦੀਵਾਨ ਵਾਸਤੇ ਹੀ ਅਜਿਹੀ ਬੰਨ੍ਹ ਕੇ ਆਇਆ ਸੀ । ਸ: ਸਾਧੂ ਸਿੰਘ ਸਤਿਗੁਰੂ ਜੀ ਦੇ ਬਚਪਨ ਦੇ ਪਿਆਰੇ ਮਿੱਤਰ ਅਤੇ ਸੇਵਕ ਹਨ ਅਤੇ ਨਾਮਧਾਰੀ ਸਮਾਜ ਵਿਚ ਬਹੁਤ ਮਸ਼ਹੂਰ ਰਹੇ ਹਨ । ਸਮਾਜਕ ਖੇਤਰ ਵਿਚ ਉਹਨਾਂ ਦਾ ਬਹੁਤਾ ਉਘਾ ਨਾਮ ਹੈ ਅਤੇ ਪੰਜਾਬ ਦੇ ਜਾਣੇ ਮਾਣੇ ਵਿਅਕਤੀ ਹਨ। ਪਰ ਪਿਛਲੇ ਕੁਝ ਸਾਲਾਂ ਤੋਂ ਸਤਿਗੁਰੂ ਜੀ ਨਾਲ ਕੁਝ ਵਿੱਥ ਬਣ ਗਈ ਸੀ । ਦੁਨਿਆਵੀ ਕਾਮਯਾਬੀਆਂ ਉਹਨਾਂ ਬਹੁਤ ਤੈਅ ਕੀਤੀਆਂ ਪਰ ਸਤਿਗੁਰੂ ਜੀ ਨਾਲ ਸੰਪਰਕ ਲਗ ਭਗ ਟੁੱਟ ਗਿਆ ਹੋਇਆ ਸੀ । ਪਰ ਅੰਦਰੋਂ ਅੰਦਰੀਂ ਸਤਿਗੁਰਾਂ ਦੇ ਮੋਹ ਦੀ ਤੰਦ ਟੁੱਟੀ ਨਹੀਂ ਸੀ । ਅੱਜ ਉਹਨਾਂ ਦੇ ਸਪੁਤਰ ਨੂੰ ਸਾਹਮਣੇ ਦੇਖ ਕੇ ਖੁਸ਼ੀ ਵੀ ਹੋਈ ਹੈਰਾਨੀ ਵੀ । ਜਤਿੰਦਰ ਨਾਲ ਉਸ ਦੀਆਂ ਭੈਣਾਂ ਪਿੰਕੀ ਤੇ ਬਿਟੂ ਵੀ ਸਨ । ਇਹ ਭਾਰਤ ਤੋਂ ਸੈਰ ਕਰਨ ਆਈਆਂ ਹਨ । ਅੱਛੀ ਸਿਤਾਰ ਵਜਾਉਂਦੀਆਂ ਹਨ ਬਹੁਤ ਸਾਊ ਲੜਕੀਆਂ ਹਨ । ਮੈਂ ਇਸ ਪਰਿਵਾਰ ਨੂੰ ਸ੍ਰੀ ਪ੍ਰੀਤਮ ਸਿੰਘ ਕਵੀ ਨਾਲ ਮਿਲਾਇਆ ਕਿਉਂਕਿ ਕਵੀ ਜੀ ਸ: ਸਾਧੂ ਸਿੰਘ ਹੋਰਾਂ ਦੇ ਬਹੁਤ ਕਰੀਬ ਰਹਿ ਚੁੱਕੇ ਹਨ । ਜਤਿੰਦਰ ਨਾਲ ਗਲਬਾਤ ਹੋਈ ਤਾਂ ਉਸਨੇ ਸਤਿਗੁਰੂ ਜੀ ਨੂੰ ਮਿਲਣ ਦੀ ਇਛਾ ਪਰਗਟ ਕੀਤੀ । ਸਤਿਗੁਰੂ ਜੀ ਦੇ ਉਹਨਾਂ ਦਰਸ਼ਨ ਕੀਤੇ ਸਨ ਪਰ ਦੂਰੋਂ ਦੂਰੋਂ । ਉਹ ਸਾਰੇ ਜਣੇ ਦੀਵਾਨ ਵਿਚ ਦਰਸ਼ਨਾਂ ਦੀ ਜ਼ਬਰਦਸਤ ਚਾਹ ਲੈ ਕੇ ਆਏ ਸਨ ਪਰ ਅੰਦਰੋਂ ਕੁਝ ਖਦਸ਼ਾ ਵੀ ਸੀ ਕਿ ਸਤਿਗੁਰੂ ਜੀ ਉਹਨਾਂ ਦੀ ਹਾਜ਼ਰੀ ਨੂੰ ਪਰਵਾਨ ਵੀ ਕਰਨਗੇ ਜਾਂ ਨਾ । ਅੰਤ ਉਤੇ ਉਹਨਾਂ ਦਾ ਫੈਸਲਾ ਸੀ ਕਿ ਭਾਵੇਂ ਸਾਨੂੰ ਗਿਆਂ ਨੂੰ ਕਝ



Sri Satguru Jagjit Singh Ji Elibrary NamdhariElibrary@gmail.com

ਵੀ ਕਹਿਣ, ਭਾਵੇਂ ਦੀਵਾਨ ਚੋਂ ਵੀ ਕਢ ਦੇਣ ਪਰ ਇਕ ਵਾਰ ਜਾਣਾ ਜ਼ਰੂਰ ਹੈ । ਉਹ ਏਡੇ ਦੂਰ ਚਲੇ ਗਏ ਹੋਏ ਸਨ ਕਿ ਉਹਨਾਂ ਨੂੰ ਹੋਲੇ ਮਹੱਲੇ ਵਰਗ ਮਹਾਨ ਸਮਾਗਮ ਦਾ ਵੀ ਪਤਾ ਨਾ ਚਲਿਆ । ਇਹ ਤਾਂ ਪ੍ਰਧਾਨ ਪ੍ਰੀਤਮ ਸਿੰਘ ਰੀਹਲ ਨਾਲ ਉਹਨਾਂ ਦਾ ਮੇਲ ਕਿਸੇ ਸਮਾਗਮ ਤੇ ਹੋ ਗਿਆ ਅਤੇ ਉਹਨਾਂ ਨੇ ਬੀਬੀਆਂ ਦੀ ਸਿਤਾਰ ਦਾ ਪ੍ਰੋਗਰਾਮ ਧਰਮਸਾਲਾ ਵਿਚ ਵੀ ਕਰਵਾਇਆ ਅਤੇ ਹੋਲੀ ਹੋਲੀ ਰਾਬਤਾ ਕਾਇਮ ਹੋ ਗਿਆ । ਅਜ ਸਤਿਗੁਰੂ ਜੀ ਦੇ ਲੰਡਨ ਪਧਾਰਨ ਦੀ ਖਬਰ ਸੁਣ ਕੇ ਜਤਿੰਦਰ ਸਿੰਘ ਅਪਣੀ ਅਲਗ ਥਲਗ ਵਿਚਰਨ ਦੀ ਪਾਲਿਸੀ ਤਿਆਗ ਕੇ ਦਰਸ਼ਨਾਂ ਨੂੰ ਆ ਹੀ ਗਏ ।

ਮੈਂ ਪੁਛਿਆ ਸਤਿਗੁਰਾਂ ਨੂੰ ਮਿਲੇ ਹੋ ?
ਕਹਿਣ ਲਗਾ ਮਿਲਾ ਦਿਓ ।
ਅਤੇ ਹੁਣ ਮਿਲਣ ਦੀ ਘੜੀ ਆ ਰਹੀ ਸੀ ।

ਜਤਿੰਦਰ ਸਿੰਘ ਦੀ ਕਾਰ ਤੇ ਕਵੀ ਜੀ ਸਮੇਤ ਅਸੀਂ ਸਵਾਰ ਹੋ ਕੇ ਸਤਿਗੁਰੂ ਜੀ ਦੇ ਡੇਰੇ ਸੰਤ ਅਵਤਾਰ ਸਿੰਘ ਭਮਰਾ ਦੇ ਘਰ ੪੪ ਅਪਟਨ ਲੇਨ ਪੁਜ ਗਏ । ਸਤਿਗੁਰੂ ਜੀ ਉਪਰ ਅਪਣੇ ਕਮਰੇ ਵਿਚ ਸਨ । ਮੈਂ ਸਿੱਧਾ ਉਪਰ ਗਿਆ ਅਤੇ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ ਕੀਤੀ ਕਿ ਸ: ਸਾਧੂ ਸਿੰਘ ਜੀ ਦਾ ਲੜਕਾ ਮਿਲਣ ਆਇਆ ਹੈ । ਸਤਿਗੁਰੂ ਜੀ ਕੁਝ ਸੋਚ ਕੇ ਕਹਿਣ ਲਗੇ ਕੌਣ ? ਜਤਿੰਦਰ ! ਮੇਰੇ ਹਾਂ ਕਹਿਣ ਤੇ ਆਪ ਕਮਰੇ ਤੋਂ ਬਾਹਰ ਆ ਗਏ ਅਗੇ ਕਵੀ ਜੀ ਖੜੇ ਸਨ ਕੁਝ ਪੌੜੀਆਂ ਥੱਲੇ । ਉਹਨਾਂ ਕਿਹਾ ਜੀ ਜਤਿੰਦਰ ਸਿੰਘ ਆਇਆ ਹੈ ਉਹਦੀ ਬੇਨਤੀ ਹੈ ਕਿ ਆਪ ਜੀ ਕ੍ਰਿਪਾ ਕਰੋ......। ਅਗਲੀ ਗੱਲ ਕਵੀ ਜੀ ਦੀ ਪੂਰੀ ਨਹੀਂ ਹੋਈ ਸਤਿਗੁਰਾਂ ਕਿਹਾ "ਮੈਂ ਕ੍ਰਿਪਾ ਵਾਪਸ ਕਦੋਂ ਲਈ ਸੀ ?"...

ਜਤਿੰਦਰ ਬੀਰ ਸਿੰਘ ਤੇ ਪਰਿਵਾਰ ਨੂੰ ਉਪਰ ਬੁਲਾਇਆ ਗਿਆ ਅਤੇ ਬਖਸ਼ਿਸ਼ ਕੀਤੀ ਗਈ । ਉਹਨਾਂ ਨੂੰ ਅਪਣੇ ਖਦਸ਼ਿਆਂ ਦੇ ਐਨ ਉਲਟ ਨਿੱਘਾ ਪਿਆਰ ਮਿਲਿਆ । ਬਾਅਦ ਵਿਚ ਸਤਿਗੁਰੂ ਜੀ ਨੇ ਉਹਨਾਂ ਦੇ ਘਰ ਚਰਨ ਵੀ ਪਾਏ ਅਤੇ ਭਾਰਤ ਵਿਚ ਜਲੰਧਰ ਟੈਲੀਫੋਨ ਕੀਤਾ ਗਿਆ । ਸ: ਸਾਧੂ ਸਿੰਘ ਜੀ ਡਲਹੌਜ਼ੀ ਸਨ । ਜਲੰਧਰ ਡਲਹੌਜ਼ੀ ਅਤੇ ਲੰਡਨ ਨਾਲ ਸੰਪਰਕ ਟੈਲੀਫੋਨ ਤੇ ਝਟਪਟ ਹੋ ਗਏ ਅਤੇ ਚਿਰਾਂ ਪਿਛੋਂ ਸ: ਸਾਧੂ ਸਿੰਘ ਨੂੰ ਅਪਣੇ ਮਹਿਬੂਬ ਸਤਿਗੁਰੂ ਨਾਲ ਸੰਪਰਕ ਕਰਨ ਦਾ ਅਵਸਰ ਮਿਲਿਆ । ਖੁਸ਼ੀਆਂ ਦੀ ਪ੍ਰਾਪਤੀ ਹੋਈ । ਭਾਰਤ ਆਕੇ ਸਤਿਗੁਰੂ ਜੀ ਡਲਹੌਜ਼ੀ ਸ: ਸਾਧੂ ਸਿੰਘ ਪਰਿਵਾਰ ਨੂੰ ਦਰਸ਼ਨ ਦੇਣ ਗਏ । ਇਸ ਤਰਾਂ ਜਤਿੰਦਰ ਬੀਰ ਸਿੰਘ ਦੇ ਸਤਿਗੁਰਾਂ ਵਲ ਇਕ ਕਦਮ ਜਾਣ ਦੇ ਸੰਕਲਪ ਨੇ ਪੂਰੇ ਪਰਿਵਾਰ ਦੀ ਟੁਟੀ ਗੰਢ ਦਿਤੀ । ਅਤੇ ਭਾਈ ਗੁਰਦਾਸ ਦੇ ਕਬਿਤ ਦੀ ਉਹ ਤੁੱਕ ਫਿਰ ਮੂਰਤੀਮਾਨ ਕਰ ਦਿਤੀ :

ਚਰਨ ਸਰਨ ਗੁਰੂ ਏਕ ਪੈਂਡਾ ਜਾਇ ਚਲ
ਸਤਿਗੁਰੂ ਕੋਟਿ ਪੈਂਡਾ ਆਗੇ ਹੋਇ ਲੇਤ ਹੈ

ਸ਼ਾਮ ਦੇ ਕੀਰਤਨ ਵਿਚ ਰਾਗੀਆਂ ਨੇ ਬਹੁਤ ਵੈਰਾਗ ਮਈ ਅੰਦਾਜ਼ ਵਿਚ ਗੁਰੂ ਨਾਨਕ ਦੇਵ ਜੀ ਦਾ ਸਾਵਨ ਮਹੀਨੇ ਬਾਰੇ ਸ਼ਬਦ ਪੜ੍ਹਿਆ ਜਿਸ ਦੀ ਟੇਕ ਸੀ :

ਤੇਰੇ ਦਰਸਨ ਵਿਟਹੁ ਖੰਨੀਐ ਵੰਞਾ
ਤੇਰੇ ਨਾਮ ਵਿਟਹੁ ਕੁਰਬਾਣੋ
ਜਾ ਤੂ ਤਾ ਮੈ ਮਾਣੁ ਕੀਆ ਹੈ
ਤੁਧੁ ਬਿਨੁ ਕੇਹਾ ਮੇਰਾ ਮਾਣੋ

ਰਾਗੀਆਂ ਦੇ ਕੀਰਤਨ ਬਾਅਦ ਬੱਚਿਆਂ ਦੇ ਸੰਗੀਤ ਦਾ ਪ੍ਰੋਗਰਾਮ ਸੀ । ਗੁਰਸ਼ਰਨ ਸਿੰਘ ਸਪੁਤਰ ਸੁਰਜੀਤ ਸਿੰਘ ਸੁਰਧਾਰ ਬਰਮਿੰਘਮ, ਹਰਜੀਤ ਸਿੰਘ ਸਪੁਤਰ ਸ: ਸਵਰਨ ਸਿੰਘ ਬਾਹੜਾ ਲੰਡਨ, ਹਰਮਿੰਦਰ ਜੀਤ ਸਿੰਘ ਸਪੁਤਰ ਸ: ਤਾਰਾ ਸਿੰਘ ਬਰਮਿੰਘਮ, ਸ: ਕੁਲਦੀਪ ਸਿੰਘ ਰਿਐਤ ਦੇ ਸਪੁਤਰ ਨਰਿੰਦਰ ਪਾਲ ਸਿੰਘ (ਤਬਲਾ) ਅਤੇ ਹਰਿੰਦਰ ਪਾਲ ਸਿੰਘ (ਨਗਮਾ) ਨੇ ਗਾਇਣ ਅਤੇ ਵਾਦਨ ਕਲਾ ਦੇ ਜੌਹਰ ਦਿਖਾ ਕੇ ਹੈਰਾਨਕੁਨ ਕਲਾ ਦਾ ਪ੍ਰਦਰਸ਼ਨ ਕੀਤਾ ।

### ਪੰਡਿਤ ਗੋਪਾਲ ਸਿੰਘ ਜੀ

ਅਜ ਪੰਡਿਤ ਜੀ ਨੇ ਅਪਣੇ ਦੀਵਾਨ ਵਿਚ ਮੁਖ ਤੌਰ ਤੇ ਗੁਰਮੁਖਿ ਨਾਮ ਦਾਨ ਇਸ਼ਨਾਨ ਦੇ ਪ੍ਰਕਰਣ ਤੇ ਦੀਵਾਨ ਲਾਇਆ । ਉਹਨਾ ਵਖਿਆਨ ਕਰਦਿਆਂ ਕਿਹਾ ਕਿ ਜਿਵੇਂ ਧਰਘੌਣੇ ਤੇ ਦਾਖਾਂ ਦੂਰੋਂ ਇਕੋ ਜਿਹੀਆਂ ਦਿਸਦੀਆਂ ਹਨ ਪਰ ਜ਼ਬਾਨ ਤੇ ਧਰਦਿਆਂ ਹੀ ਅਸਲੀਅਤ ਪਤਾ ਚਲ ਜਾਂਦੀ ਹੈ। ਇਵੇਂ ਸਾਧ ਅਤੇ ਅਸਾਧ ਦੀ ਪਰਖ ਉਸ ਦੀ ਕਰਤੂਤ ਤੋਂ ਹੁੰਦੀ ਹੈ ਭਾਵੇਂ ਬਾਹਰੀ ਭੇਖ ਇਕ ਹੀ ਹੋਵੇ । ਅਸਲੀ ਅਤੇ ਨਕਲੀ ਸੋਨੇ ਦੀ ਪਰਖ ਸਰਾਫ ਹੀ ਕਰੇਗਾ । ਇਵੇਂ ਹੀ ਸਤਿਗੁਰ ਦੇ ਅਗੇ ਖੋਟਾ ਖਰਾ ਪਰਖਿਆ ਜਾਂਦਾ ਹੈ । ਉਹਨਾਂ ਦਸਿਆ ਕਿ ਵਿਦਿਆ ਬਹੁ ਪ੍ਰਕਾਰ ਦੀ ਹੈ। ਲੋਕਾਂ ਨਾਲ ਝਗੜਣ ਲਈ ਲੋਕ ਵਿਦਿਆ ਦਾ ਸਹਾਰਾ ਲੈਂਦੇ ਹਨ (ਵਿਦਿਆ ਵਿਵਾਦਾਏ) ਪਰ ਅਪਣੇ ਆਪ ਨੂੰ ਜਾਨਣਾ ਬ੍ਰਹਮ ਵਿਦਿਆ ਕਹਿਲਾਉਂਦੀ ਹੈ । ਸਾਧੂ ਵਿਦਿਆ ਗਿਆਨ ਲਈ ਲੈਂਦੇ ਹਨ ।



Sri Satguru Jagjit Singh Ji Elibrary NamdhariElibrary@gmail.com

ਹੀ ਜੰਗਲੀ ਬਣਾਇਆ ਗਿਆ ਹੈ। ਇੰਗਲੈਂਡ ਵਿਚ ਪਿਸ਼ਾਬ ਘਰ ਥਾਂ ਥਾਂ ਤੇ ਬਣੇ ਹੁੰਦੇ ਹਨ ਸੜਕਾਂ ਕੰਢੇ ਖਲੋ ਕੇ ਕੋਈ ਨਹੀਂ ਮੂਤਦਾ। ਇਹਨਾਂ ਪਸ਼ਾਬ ਖਾਨਿਆਂ ਉਪਰ Men ਆਦਮੀ ਜਾਂ Ladies ਔਰਤਾਂ ਲਿਖਿਆ ਹੁੰਦਾ ਹੈ ਜਿਸ ਦਾ ਭਾਵ ਇਹ ਦਸਣਾ ਹੁੰਦਾ ਹੈ ਕਿ ਇਹ ਜ਼ਨਾਨਾ ਜਾਂ ਮਰਦਾਨਾ ਪਸ਼ਾਬ ਘਰ ਹੈ। ਪਰ ਇਥੇ ਮੈਨ ਜਾਂ ਲੇਡੀਜ਼ ਨਹੀਂ ਸੀ ਲਿਖਿਆ ਹੋਇਆ ਸਗੋਂ ਟਾਰਜ਼ਨਜ਼ ਅਤੇ ਜੇਸਿਸ ਲਿਖਿਆ ਹੋਇਆ ਸੀ। ਟਾਰਜ਼ਨ ਜੰਗਲੀ ਮਹਾਂ ਬਲੀ ਮਨੁੱਖ ਨੂੰ ਕਹਿੰਦੇ ਹਨ ਅਤੇ ਫਿਲਮੀ ਕਥਾਵਾਂ ਵਿਚ ਜੇਸੀ ਉਹਦੀ ਪ੍ਰੇਮਕਾ ਸੀ। ਇਸ ਵਾਸਤੇ ਮਰਦ ਪਸ਼ਾਬ ਘਰ ਉਤੇ ਟਾਰਜ਼ਨ ਲਿਖਿਆ ਸੀ ਅਤੇ ਦੂਸਰੇ ਪਾਸੇ ਜੇਸਿਜ਼। ਕਈਆਂ ਯਾਤਰੂਆਂ ਨੂੰ ਇਸ ਕਰਕੇ ਭੁਲੇਖਾ ਵੀ ਪਿਆ। ਥੋਹੜੀਆਂ ਬਹੁਤੀਆਂ ਤਸਵੀਰਾਂ ਖਿਚਣ ਬਾਦ ਸਾਡੀ ਬਸ ਹੁਣ ਹੌਲੀ ਹੌਲੀ ਸਿਰਕਣੀ ਸ਼ੁਰੂ ਹੋ ਗਈ। ਸਭ ਸ਼ੀਸ਼ੇ ਤਾਂ ਬੰਦ ਹੀ ਸਨ ਬਸ ਏਅਰ ਕੰਡੀਸ਼ਨਡ ਸੀ। ਸਭ ਤੋਂ ਪਹਿਲਾਂ ਹੀ ਸਾਡੀ ਇੰਤਜ਼ਾਰ ਵਿਚ ਖੜੇ ਸਨ ਦੁਨੀਆਂ ਵਿਚ ਸਭ ਤੋਂ ਉਚੇ ਜਾਨਵਰ ਜ਼ਿਰਾਫ। ਇਹ ਵੀਹ ਵੀਹ ਫੁਟ ਉਚੇ ਜਾਨਵਰ ਕਦ ਕਰਕੇ ਏਡੇ ਉਚੇ ਨਹੀਂ ਸਗੋਂ ੱਣ ਕਰਕੇ ਹਨ। ਧੌਣ ਏਡੀ ਲੰਮੀ ਹੈ ਕਿ ਟੈਲੀਫੋਨ ਦੀਆਂ ਤਾਰਾਂ ਤਕ ਚਲੀ ਜਾਂਦੀ ਹੈ। ਦੁਨੀਆਂ ਦਾ ਸਭ ਤੋਂ ਉਚਾ ਜ਼ਰਾਫ ਜਾਰਜ ਇਕ ਵਾਰ ਆਸਟਰੇਲੀਆ ਵਿਚ ਟੈਲੀਫੋਨ ਦੀਆਂ ਤਾਰਾਂ ਚਟਣ ਲਗ ਪਿਆ ਤੇ ਸਾਰੇ ਦੇਸ਼ ਨੂੰ ਵਖਤ ਪਾ ਦਿਤਾ। ਇਹ ਘਾਹ ਪਤੇ ਹੀ ਖਾਂਦਾ ਹੈ। ਪੂਰਾ ਸ਼ਾਕਾਹਾਰੀ ਹੈ। ਇਸ ਦੀ ਨਜ਼ਰ ਦੂਰ ਤਕ ਕੰਮ ਕਰਦੀ ਹੈ ਅਤੇ ਦੁਸ਼ਮਣ ਨੂੰ ਪਛਾਣਦੀ ਹੈ। ਮਦੀਨ ਜ਼ਰਾਫ ਆਪਣੇ ਬੱਚੇ ਨੂੰ ਖੜੇ ਖੜੋਤਿਆਂ ਹੀ ਜਨਮ ਦੇਂਦੀ ਹੈ। ਠਾਹ ਕਰਕੇ ਛੇ ਫੁਟ ਥਲੇ ਧਰਤੀ ਤੇ ਦੇ ਮਾਰਦੀ ਹੈ। ਇਹ ਇਸੇ ਕਰਕੇ ਹੈ ਕਿ ਜੰਗਲ ਵਿਚ ਆਪਣੇ ਦੁਸ਼ਮਣਾਂ ਤੋਂ ਇਹ ਸਦਾ ਸੁਚੇਤ ਰਹਿੰਦੇ ਹਨ। ਅਸਾਂ ਦੇਖਿਆ ਖੜੇ ਖੜਿਆਂ ਹੀ ਉਚੇ ਉਚੇ ਦਰਖਤਾਂ ਤੋਂ ਪੱਤੇ ਮੂੰਹ ਮਾਰ ਮਾਰ ਕੇ ਖਾ ਰਹੇ ਸਨ। ਜ਼ਰਾਫ ਦਾ ਦੂਜਾ ਸਾਥੀ ਹੁੰਦਾ ਹੈ ਜ਼ੈਬਰਾ ਜਿਹਨੂੰ ਧਾਰੀਧਾਰ ਘੋੜਾ ਜਾਂ ਦਰਿਆਈ ਘੋੜਾ ਵੀ ਕਹਿੰਦੇ ਹਨ। ਇਹਨਾਂ ਦੋਹਾਂ ਜਾਨਵਰਾਂ ਦੀ ਵਾਹਵਾ ਬਣਦੀ ਹੈ ਅਤੇ ਸਾਂਝੀਵਾਲਤਾ (ਕੋਆਪਰੇਟਿਵ) ਆਧਾਰ ਤੇ ਇਹਨਾਂ ਦਾ ਆਪਸੀ ਸਹਿਯੋਗ ਹੈ। ਜ਼ਰਾਫ ਦੂਰੋਂ ਦੇਖ ਕੇ ਦੁਸ਼ਮਣ ਦੀ ਆਮਦ ਦਸਦਾ ਹੈ ਤਾਂ ਜ਼ੈਬਰੇ ਦੀ ਸੁੰਘਣ ਸ਼ਕਤੀ ਏਨੀ ਹੈ ਕਿ ਬਹੁਤ ਦੂਰੋਂ ਆਉਂਦੀ ਆਫਤ ਦਾ ਪਤਾ ਲਾ ਲੈਂਦਾ ਹੈ ਅਤੇ ਫੇਰ ਇਹ ਸਾਂਝੇ ਦੁਸ਼ਮਣ ਤੋਂ ਬਚਾਅ ਦਾ ਉਪਾਅ ਕਰਦੇ ਹਨ।

ਇਥੇ ਵੀ ਜ਼ਰਾਫਾਂ ਦੇ ਨਾਲ ਹੀ ਇਹਨਾਂ ਧਾਰੀਦਾਰ ਦਰਿਆਈ ਘੋੜਿਆਂ ਦੇ ਝੁੰਡਾਂ ਦੇ ਝੁੰਡ ਫਿਰ ਰਹੇ ਸਨ। ਇਸ ਜੰਗਲ ਵਿਚ ਬਣੀਆਂ ਪੱਕੀਆਂ ਸੜਕਾਂ ਉਤੇ ਕਾਰਾਂ ਮੋਟਾਰਾਂ ਅਤੇ ਬਸਾਂ ਦੀਆਂ ਕਤਾਰਾਂ ਹੌਲੀ ਹੌਲੀ ਚਲ ਰਹੀਆਂ ਸਨ ਅਤੇ ਜੰਗਲ ਵਿਚ ਕਾਦਰ ਦੀ ਸਾਜੀ ਕੁਦਰਤ ਦੇ ਜੀਵ ਵਿਚਰ ਰਹੇ ਸਨ।

ਇਸ ਤੋਂ ਅਗੇ ਇਕ ਹੋਰ ਜੋੜਾ ਸੀ।

ਆਸਟਰੇਲੀਆ ਵਿਚ ਇਕ ਜਾਨਵਰ ਹੁੰਦਾ ਹੈ ਕੰਗਾਰੂ ਇਸ ਦਾ ਇਕ ਛੋਟਾਂ ਰੂਪ ਵੀ ਹੁੰਦਾ ਹੈ ਜਿਸ ਨੂੰ ਅੰਗਰੇਜ਼ੀ ਵਿਚ ਵੈਲਾਬੀ ਕਹਿੰਦੇ ਹਨ। ਇਹ ਜਾਨਵਰ ਇਥੇ ਕਾਫੀ ਸਨ। ਇਸ ਸ਼ਾਕਾਹਾਰੀ ਜਾਨਵਰ ਨੂੰ ਇਸ ਕਰਕੇ ਮਾਰਿਆ ਗਿਆ ਹੈ ਕਿਉਂਕਿ ਭੇਡਾਂ ਪਾਲਣ ਵਾਲੇ ਸਮਝਦੇ ਸਨ ਕਿ ਇਹ ਭੇਡਾਂ ਅਤੇ ਹੋਰ ਜਾਨਵਰਾਂ ਦੀ ਖੁਰਾਕ ਖਾ ਜਾਂਦਾ ਹੈ। ਇਹ ਚੁਪਾਇਆ ਤਿੰਨ ਫੁਟ ਉੱਚਾ ਹੈ ਅਤੇ ਪੂਛ ਦੋ ਫੁਟ ਦੀ ਹੁੰਦੀ ਹੈ। ਮੂੰਹ ਖਰਗੋਸ਼ ਵਰਗਾ ਪਰ ਪਿਛੋਂ ਆਕਾਰ ਵੱਡਾ ਰੇਸ਼ਮੀ ਜੱਤ ਅਤੇ ਮਾਸੂਮ ਦਿੱਖ ਵਾਲਾ ਇਹ ਜਾਨਵਰ ਹੈ। ਪਿੱਠ ਉੱਚੀ, ਪਿਛਲੀਆਂ ਲਤਾਂ ਉਚੀਆਂ ਹੋਣ ਕਾਰਨ ਕਰਕੇ ਕੁਬ ਪੈਂਦਾ ਹੈ। ਇਸ ਦੇ ਨਾਲ ਹੀ ਇਕ ਸ਼ੁਤਰ ਮੁਰਗ ਵਰਗਾ ਆਸਟਰੇਲੀਅਨ ਪੰਛੀ ਸੀ ਜਿਸ ਨੂੰ ਈਮੋ Emu ਕਹਿੰਦੇ ਹਨ। ਪੰਜ ਫੁਟ ਉੱਚਾ ਇਹ ਪੰਛੀ ਦੋ ਪੈਰਾਂ ਤੇ ਕੁਕੜ ਵਾਂਗ ਖਲੋਂਦਾ ਹੈ। ਇਹ ਉੱਡ ਨਹੀਂ ਸਕਦਾ, ਸ਼ਕਲ ਕਰਕੇ ਹੀ ਪੰਛੀ ਹੈ ਪਰ ਇਹਦੇ ਪੈਰਾਂ 'ਚ ਬੜਾ ਜ਼ੋਰ ਹੈ ਪੈਰ ਹੀ ਇਸ ਦੇ ਹਥਿਆਰ ਹਨ ਬਚਾਅ ਕਰਨ ਵਾਸਤੇ। ਅਤੇ ਦੌੜਨ ਦੀ ਰਫਤਾਰ ੬੪ ਕਿਲੋਮੀਟਰ ਪ੍ਰਤੀ ਘੰਟਾ ਹੈ ਅਤੇ ਉਮਰ ਇਨਸਾਨ ਨਾਲੋਂ ਚੌਥਾਈ ਹਿਸਾ। ਇਹਨਾ ਦੋਹਾਂ ਜਾਨਵਰਾਂ ਨੇ ਆਪਣੀ ਹੀ ਦੁਨੀਆਂ ਵਿਚ ਰੌਣਕ ਲਾਈ ਹੋਈ ਸੀ।

ਅਗੇ ਇਕ ਤਲਾਅ ਸੀ ਜਾਂ ਸਮਝੋ ਨਕਲੀ ਝੀਲ। ਇਹਦੇ ਨਿਰਮਲ ਪਾਣੀਆਂ ਵਿਚ ਜਲ ਜੀਵ ਆਪਣੇ ਰੰਗ ਬਰੰਗੇ ਸਰੂਪਾਂ ਵਿਚ ਤਰ ਰਹੇ ਸਨ। ਕਈ ਪ੍ਰਕਾਰਾਂ ਦੀਆਂ ਰੰਗ ਬਰੰਗੀਆਂ ਬਤਖਾਂ ਜੋ ਵਖ ਵਖ ਦੇਸਾਂ ਤੋਂ ਲਿਆਂਦੀਆਂ ਹੋਈਆਂ ਸਨ, ਬਗਲਿਆਂ ਦੀ ਨਸਲ ਦੇ ਲਮਢੀਂਗ ਜੀਵ ਅੰਗਰੇਜ਼ੀ ਵਿਜ ਇਹਨਾਂ ਨੂੰ Plamingo ਕਿਹਾ ਜਾਂਦਾ ਹੈ।



Sri Satguru Jagjit Singh Ji Elibrary NamdhariElibrary@gmail.com

ਇਹਨਾਂ ਦੀਆਂ ਲੰਮੀਆਂ ਲੱਤਾਂ ਅਤੇ ਲੰਮੀ ਧੌਣ ਵਿਚਕਾਰ ਸਰੀਰ ਛੋਟੇ ਕਦ ਦਾ ਦਿਸਦਾ ਹੈ। ਪਾਣੀਆਂ ਦੇ ਕੁਕੜਾਂ ਦੀਆਂ ਕਈ ਕਿਸਮਾਂ ਤੈਰ ਰਹੀਆਂ ਸਨ। ਸੀਲ ਮੱਛੀਆਂ ਦੀ ਤਾਰੀ ਦਾ ਵਖਰਾ ਆਕਰਸ਼ਨ ਸੀ। ਚਿੱਟੇ ਰੰਗ ਦਾ ਰਾਜ ਹੰਸ ਤਾਂ ਨਹੀਂ ਸੀ ਪਰ ਕਾਲਾ ਹੰਸ Black Swan ਆਪਣੀ ਲੰਮੀ ਧੌਣ ਅਤੇ ਖਿੱਚ ਪਾਉਣ ਵਾਲੇ ਸੁੰਦਰ ਸਰੀਰ ਨਾਲ ਮਾਨ ਮਤਾ ਤੈਰ ਰਿਹਾ ਸੀ। ਇਹ ਥਾਂ ਪਿਕਨਿਕ ਮਨਾਉਣ ਵਾਲਿਆਂ ਵਾਸਤੇ ਖਾਣ ਪੀਣ ਲਈ ਅਤੇ ਬਚਿਆਂ ਵਾਸਤੇ ਭਾਰੀ ਖਿਚ ਰਖਦੀ ਸੀ। ਜਲ ਜੀਵਾਂ ਦੀ ਕ੍ਰੀੜਾ ਵੇਖ ਕੁਦਰਤ ਦੀ ਵਿਆਪਕਤਾ ਦਾ ਅਹਿਸਾਸ ਹੋ ਰਿਹਾ ਸੀ। ਇਥੇ ਜਲ ਜੀਵਾਂ ਨੂੰ ਲੋਕ ਖਾਣ ਵਾਲੀਆਂ ਵਸਤੂਆਂ ਸੁਟ ਰਹੇ ਸਨ ਪਰ ਆਮ ਤੌਰ ਤੇ ਜੰਗਲੀ ਜਾਨਵਰਾਂ ਨੂੰ ਖਾਣ ਵਾਲੀਆਂ ਚੀਜ਼ਾਂ ਦੇਣ ਦੀ ਮਨਾਹੀ ਸੀ। ਲਿਖਿਆ ਹੋਇਆ ਸੀ ਕਿ ਇਹਨਾਂ ਜਾਨਵਰਾਂ ਨੂੰ ਬਹੁਤ ਸੰਤੁਲਤ ਖੁਰਾਕ ਦਿਤੀ ਜਾਂਦੀ ਹੈ ਏਸ ਵਾਸਤੇ ਹੋਰ ਖੁਰਾਕ ਇਹਨਾਂ ਲਈ ਨੁਕਸਾਨਦੇਹ ਅਤੇ ਘਾਤਕ ਸਿਧ ਹੋ ਸਕਦੀ ਹੈ।

ਹੁਣ ਦਖਣੀ ਅਫਰੀਕਾ ਦੀ ਰੋਝ ਜਾਂ ਨੀਲ ਗਾਵਾਂ ਦਾ ਵਡਾ ਸਾਰਾ ਵੱਗ ਸੀ। ਲੰਮੇ ਲੰਮੇ ਸਿੰਗ ਪਿਛਾਂਹ ਨੂੰ ਗਏ ਹੋਏ। ਆਪਣੀ ਭੋਲੀ ਭਾਲੀ ਸੂਰਤ ਵਾਲੇ ਸੁਨਹਿਰੀ ਘਾਹ ਚੁਗਦੇ ਅਤੇ ਦਰਸ਼ਕਾਂ ਵਲ ਹੈਰਾਨੀ ਨਾਲ ਵੇਖਦੇ। ਇਹਨਾਂ ਬਾਦ ਸਭ ਦੇ ਜਾਣੇ ਪਹਿਚਾਣੇ ਅਤੇ ਬਹੁਤੀਆਂ ਲੋਕ ਕਹਾਣੀਆਂ ਅਤੇ ਕਵੀਆਂ ਦੇ ਪਾਤਰ ਹਿਰਨ ਸਨ। ਵੱਖ ਵੱਖ ਅਕਾਰਾਂ ਅਤੇ ਸ਼ਕਲਾਂ ਵਾਲੇ ਕਈ ਪ੍ਰਕਾਰ ਦੇ ਮਿਰਗ ਆਪ-ਣੀਆਂ ਸੁੰਦਰ ਸੁਨਹਿਰੀ ਚਮੜੀ ਉਤੇ ਸਫੈਦ ਟਿਮਕਣਿਆਂ ਨਾਲ ਖੂਬਸੂਰਤੀ ਦਾ ਮੁਜਸਮਾ ਲਗਦੇ ਸਨ। ਪਿਆਰੇ ਪਿਆਰੇ ਹਿਰਨ ਹਿਰਨੀਆਂ ਅਤੇ ਬੱਚੇ ਬਾਗੀਂ ਚਰ ਰਹੇ ਸਨ। ਹੁਣ ਵਾਰੀ ਸੀ ਭੇਡਾਂ ਦੀ। Barbary Sheep ਅਫਰੀਕਾ ਦੀਆਂ ਜੰਗਲੀ ਭੇਡਾਂ ਕੰਨਾਂ ਦੇ ਕੋਲੋਂ ਹੀ ਕਮਾਨ ਵਾਂਗ ਪਿਛਾਂਹ ਨੂੰ ਮੁੜੇ ਸਿੰਗ ਬਿਲੀਆਂ ਅੱਖਾਂ ਲੰਬੂਤਰਾ ਚਿਹਰਾ ਭਾਰੇ ਆਕਾਰ ਢਾਈ ਫੁਟਾ ਕੱਦ। ਸੁਣਿਆ ਹੈ ਇਹ ਬਹੁਤ ਸਖਤ ਜਾਨ ਜਾਨਵਰ ਹੈ। ਕਈ ਕਈ ਦਿਨ ਬਗੈਰ ਪਾਣੀ ਤੋਂ ਰਹਿ ਸਕਦੀਆਂ ਹਨ ਅਤੇ ਹਰ ਮੌਸਮ ਦਾ ਟਾਕਰਾ ਕਰ ਸਕਦੀਆਂ ਹਨ।

ਭੇਡਾਂ ਤੋਂ ਬਾਅਦ ਵਾਰੀ ਸੀ ਇਕ ਐਸੇ ਜਾਨਵਰ ਦੀ ਜਿਸਦੀ ਸ਼ਕਲ ਮੱਝ ਅਤੇ ਗਊ ਦੇ ਦਰਮਿਆਨ ਹੀ ਸੀ। ਜੰਗਲੀ ਗਊ ਕਹਿ ਲਵੋ। ਸਿੰਗ ਲੰਮੇ ਲੰਮੇ ਕਈਆਂ ਦੇ ੫ ਫੁਟੇ ਵੀ। ਲੰਮੇ ਕੰਨ ਅਤੇ ਮੋਟੇ ਸਰੀਰ।

ਰਾਜ ਘਰਾਣਿਆਂ ਦੀ ਸ਼ਾਨ, ਸਾਧੂ ਸੰਤਾਂ ਦੀ ਆਨ, ਪੁਰਾਣੇ ਸਮਿਆਂ ਵਿਚ ਜੰਗ ਦਾ ਮੈਦਾਨ ਗਰਮ ਕਰਨ ਵਾਲੇ ਹਾਥੀ ਤੋਂ ਬਗੈਰ ਕੋਈ ਜੰਗਲੀ ਸਫਰ ਮੁਕੰਮਲ ਹੋ ਸਕਦਾ ਹੈ ? ਛਿਲਾਂ ਅਤੇ ਪਤਿਆਂ ਦਾ ਆਹਾਰੀ ਧਰਤੀ ਤੇ ਸਭ ਤੋਂ ਭਾਰੀ ਜਾਨਵਰ ਹਾਥੀ ਦੀ ਵਾਰੀ ਹੈ। ਭਾਰਤ ਵਾਸੀਆਂ ਵਾਸਤੇ ਹਾਥੀ ਬਾਰੇ ਦਸਣਾ ਕੀ ਵਿਸ਼ੇਸ਼ਤਾ ਰਖਦਾ ਹੈ ਪਰ ਯੂਰਪ ਵਿਚ ਤਾਂ ਇਹਨੂੰ ਵੇਖਣ ਦੀ ਉਤਸੁਕਤਾ ਹੈ ਹੀ। ਪੰਜ ਟਨ ਤਕ ਵਜ਼ਨੀ ਹਾਥੀਆਂ ਦੀਆਂ ਦੋ ਸ਼੍ਰੇਣੀਆਂ ਮਸ਼ਹੂਰ ਹਨ। ਇਕ ਅਫਰੀਕੀ ਅਤੇ ਦੂਸਰੀ ਏਸ਼ੀਆਈ, ਅਫਰੀਕੀ ਹਾਥੀ ੧੧ ਫੁਟ ਤਕ ਉਚਾ ਅਤੇ ੫੦ ਸਾਲ ਦੀ ਉਮਰ ਰਖਦਾ ਹੈ ਪਰ ਏਸ਼ੀਆਈ ਹਾਥੀ ਇਕ ਫੁਟ ਨੀਵਾਂ ਭਾਵ ੧੦ ਫੁਟ ਕਦ ਦਾ ਹੈ ਪਰ ਉਮਰ ੭੦ ਸਾਲ ਤਕ ਇਸ ਦੀ ਹੀ ਹੁੰਦੀ ਹੈ। ਹਥਨੀ ੨੨ ਮਹੀਨਿਆਂ ਵਿਚ ਬਚਾ ਜਣਦੀ ਹੈ। ਹਾਥੀਆਂ ਦੇ ਨਹਾਉਣ ਵਾਸਤੇ ਪਾਣੀ ਵੀ ਸੀ ਅਤੇ ਫੇਰ ਪਿੰਡੇ ਉਤੇ ਸੁਟਣ ਲਈ ਖੇਹ ਵੀ ਸੀ।

ਹਾਥੀਆਂ ਦੇ ਨਾਲ ਲਗਦੇ ਹੀ ਊਠਾਂ ਦਾ ਪਰਿਵਾਰ ਸੀ ਊਠ ਭਾਰਤੀ ਊਠਾਂ ਵਰਗੇ ਨਹੀਂ ਸਨ ਸਗੋਂ ਜੰਗਲੀ ਊਠ ਅਫਰੀਕਾ ਦੇ ਗੋਬੀ ਦੇ ਮਾਰੂਥਲ ਤੋਂ ਲਿਆਂਦੇ ਗਏ ਸਨ। ਘਣੀ ਤੇ ਲੰਮੀ ਜਤ ਵਾਲੇ। ਕਦ ਸਿਰਫ ਛੇ ਫੁਟ ਹੀ। ਸਿਰ ਤੇ ਸੰਘਣੇ ਵਾਲ ਅੱਖਾਂ ਤਕ ਆਉਂਦੇ। ਮੱਥਾ ਬਹੁਤ ਚੋੜਾ। ਵੱਡੀਆਂ ਵੱਡੀਆਂ ਅੱਖਾਂ ਮਥੇ ਦੇ ਦੋਹੀਂ ਪਾਸੀਂ, ਨੱਕ ਪਕੋੜੇ ਵਾਂਗ ਫੁਲਿਆ ਹੋਇਆ ਪਿੱਠ ਉਤੇ ਉਭਰੀਆਂ ਦੋ ਧੁੱਨਾਂ ਸਾਰਾ ਸਰੀਰ ਜੱਤ ਨਾਲ ਭਰਿਆ ਹੋਇਆ। ਇਹਨਾਂ ਨੂੰ ਬੈਕਟਰੀਅਨ ਊਂਠ Bactrian Camal ਕਹਿੰਦੇ ਹਨ। ਇਹ ਕਾਰਟੂਨ ਹੀ ਲਗਦੇ ਸਨ ਇਹਨਾਂ ਊਠਾਂ ਦੇ ਨਾਲ ਊਠ ਪਰਿਵਾਰ ਦੇ ਹੋਰ ਮੈਂਬਰ ਫਿਰਦੇ ਸਨ ਜਿਨ੍ਹਾਂ ਨੂੰ ਲਾਮਾ Llamas ਕਿਹਾ ਜਾਂਦਾ ਹੈ। ਤਿੰਨ ਫੁਟ ਉਚੇ ਇਹ ਚੋਪਾਏ ਬਹੁਤ ਸੁੰਦਰ ਲਗਦੇ ਸਨ। ਇਹ ਨਿਕਚੂ ਊਠ ਪਹਿਲਾਂ ਦਸੇ ਊਠਾਂ ਦੀ ਉਚਾਈ ਤੋਂ ਅਧੇ ਹੀ ਸਨ ਅਤੇ ਭਾਰ ਵਿਚ ਤੀਜੇ ਹਿਸੇ ਤੋਂ ਵੀ ਘਟ ਕੋਈ ੧੪੦ ਕਿਲੋ ਗਰਾਮ ਲਗਭਗ ਦੁਨੀਆਂ ਦੇ ਵਖ ਵਖ ਭਾਗਾ ਦੀਆਂ ਪਹਾੜੀਆਂ ਅਤੇ ਅਰਧ ਮਾਰੂਥਲਾਂ 'ਚ ਹੁੰਦੇ ਇਹ ਜਾਨਵਰ ਜਾ ਇਹਨਾਂ ਵਰਗੇ ਹੀ ਜਾਨਵਰ ਮਨੁੱਖਾਂ ਲਈ ਸ਼ਹੀਦ ਹੁੰਦੇ ਆਏ ਹਨ। (ਚਲਦਾ)



Sri Satguru Jagjit Singh Ji Elibrary NamdhariElibrary@gmail.com

# ਪਿਆਰ ਦੀ ਉੱਚ ਝਾਕੀ

ਸਵ: ਵਿਧਾਤਾ ਸਿੰਘ ਤੀਰ

ਨਾਮਧਾਰੀ ਇਤਿਹਾਸ ਵਿਚੋਂ ਮਸ਼ਹੂਰ ਪਰਸੰਗ ਨੂੰ ਕਵਿਤਾ ਦਾ ਜਾਮਾ ਪਹਿਨਾਕੇ ਪੰਜਾਬੀ ਦੇ ਮਸ਼ਹੂਰ ਕਵੀ ਸਵ: ਵਿਧਾਤ ਸਿੰਘ ਤੀਰ ਜੀ ਨੇ ਸਤਿਗੁਰੂ ਅਤੇ ਸਿੱਖਾਂ ਦੇ ਪਿਆਰ ਦੀ ਇਕ ਅਹਿਮ ਝਾਕੀ ਪੇਸ਼ ਕੀਤੀ ਹੈ। —ਸੰਪਾਦਕ

ਧਰਤੀ ਮਾਲਵੇ ਦੀ ਖਾਣ ਬਰਕਤਾਂ ਦੀ, ਰਾਣੀ ਉਸ ਦੀਆਂ ਕੁਦਰਤਾਂ ਸਾਰੀਆਂ ਦੀ
ਚਰਨ ਰਾਮ ਦੇ ਸਿਦਕ ਵਿਚ ਪਰਸ ਰਸੀ ਸੀ, ਦਿਲੋਂ ਭਰੀ ਹੋਈ ਤਾਂਘਾਂ ਭਾਰੀਆਂ ਦੀ
ਵਗਦੀ ਪਈ ਸੀ ਸਰਸੇ ਦੇ ਤੱਪੇ ਅੰਦਰ, ਖੁਲੀ ਨਾਮਧਾਰਾਂ ਨਾਮਧਾਰੀਆਂ ਦੀ
ਠੰਡ ਪਾਉਂਦੀ ਪਈ ਸੀ ਸੜਦਿਆਂ ਨੂੰ, ਰੂਹ ਰੱਬ ਦੀ ਸ਼ਕਲ ਸੰਸਾਰੀਆਂ ਦੀ
ਹਰ ਇਕ ਦਿਲ ਅੰਦਰ ਦਰਦ ਦੇਸ਼ ਦਾ ਸੀ, ਹਰ ਇਕ ਅੱਖ ਅੰਦਰ ਰਾਮ ਵਸਦਾ ਸੀ
ਹਰ ਇਕ ਜੀਭ ਤੇ ਰਾਮ ਸੀ ਰਾਜ ਕਰਦਾ, ਹਰ ਇਕ ਰੂਪ ਅੰਦਰ ਰਾਮ ਹਸਦਾ ਸੀ।

———

ਹੱਥਾਂ ਵਿਚ ਮਾਲਾ ਮਾਲਾ ਵਿਚ ਬਿਰਤੀ, ਬਿਰਤੀ ਵਿਚ ਰਬੀ ਲਹਿਰ ਵਗ ਰਹੀ ਸੀ
ਪੈਰ ਜਾਪਦੇ ਪਏ ਸੀ ਪੰਧ ਅੰਦਰ, ਸੁਰਤ ਸਿਦਕ ਰੰਗ ਰਤੜੀ ਲਗ ਰਹੀ ਸੀ
ਕਿਲੇ ਪਏ ਵਕਾਰਾਂ ਦੇ ਢਠਦੇ ਸਨ, ਨਾਮੀ ਤੋਪ ਸਤਨਾਮ ਦੀ ਦੱਗ ਰਹੀ ਸੀ
ਇਰਦ ਗਿਰਦ ਸਨ ਝੁੰਡ ਪਰਵਾਨਿਆਂ ਦੇ, ਵਿਚ ਰਾਮ ਰੂਪੀ ਜੋਤਿ ਜੱਗ ਰਹੀ ਸੀ
ਪਾਈ ਗੂੰਜ ਚੋਫੇਰੇ ਸੀ ਭੌਰਿਆਂ ਨੇ, ਮਹਾਰਾਜ ਲਗਦੇ ਵਾਂਙ ਫੁਲਦੇ ਸਨ
ਮਾਲਾ ਵਾਂਗ ਸੁਦਰਸ਼ਨ ਦੇ ਚਲ ਰਹੀ ਸੀ, ਉਸ 'ਚੋਂ ਬੰਦਗੀ ਦੇ ਜੋਹਰ ਖੁਲਦੇ ਸਨ

———

ਰੰਗ ਰਤੜੇ ਏਸ ਵਹੀਰ ਅੰਦਰ ਝਾਕੀ ਇਕ ਐਸੀ ਨਜ਼ਰ ਆ ਰਹੀ ਸੀ
ਲਗਨ ਲੀਨ ਇਕ ਮਾਈਆਂ ਦੀ ਮੰਡਲੀ ਵੀ, ਜਨਮ ਜਨਮ ਦਾ ਪੰਧ ਮੁਕਾ ਰਹੀ ਸੀ
ਓਨਾ ਨਾਲ ਇਕ ਸਿਖ ਵੀ ਜਾ ਰਿਹਾ ਸੀ, ਜਿਸਨੂੰ ਸਾਦਗੀ ਸੀਸ ਨਿਵਾ ਰਹੀ ਸੀ
ਐਪਰ ਓਸ ਦੀ ਤੋਰ ਮਸਤਾਨਿਆਂ ਨੂੰ, ਕਿਸੇ ਗੰਧਲੇ ਭਰਮ ਵਿਚ ਪਾ ਰਹੀ ਸੀ
ਓਨਾਂ ਆਖਿਆ ਵੇਖ ਹਰਨਾਮ ਸਿੰਘਾ, ਸਾਡੀ ਹਿਕ ਉਤੇ ਅੱਗ ਬਾਲ ਨਾ ਤੂੰ
ਹੋਕੇ ਵਖਰੇ ਆਪਣਾ ਕੱਟ ਪੈਂਡਾ, ਤੁਰ ਇਸ ਤਰਾਂ ਮਾਈਆਂ ਦੇ ਨਾਲ ਨਾ ਤੂੰ

———

ਉਹਨੇ ਆਖਿਆ ਕਮਲਿਓ ਰਹੋ ਠੱਪੇ, ਮੇਰੀ ਰਮਜ਼ ਨੂੰ ਤੁਸਾਂ ਨਾ ਲੱਖਿਆ ਏ
ਮੇਰੀ ਅੱਖ ਦੇ ਵਿਚ ਨਾ ਮੈਲ ਕੋਈ, ਤੁਸਾਂ ਭਰਮ ਅੰਦਰ ਲਖਣ ਲੱਖਿਆ ਏ
ਜਿਥੋਂ ਤੁਸਾਂ ਹੈ ਆਬ ਹਯਾਤ ਪੀਤਾ, ਮੈਂ ਵੀ ਓਸੇ ਸਰੋਵਰੋਂ ਚੱਖਿਆ ਏ
ਐਵੇਂ ਮੂਰਖੋ ਸਿਰਾਂ ਤੇ ਚੜ ਗਏ ਓ, ਤੁਸਾਂ ਕਿਸੇ ਦਾ ਅਦਬ ਨਾ ਰੱਖਿਆ ਏ
ਨਿਰਛਲ ਸਿਖ ਨੇ ਇਸ ਤਰ੍ਹਾਂ ਰੋਹ ਅੰਦਰ ਜਦੋਂ ਇਕ ਦੋ ਚਾਰ ਸੁਣਾ ਦਿਤੀਆਂ
ਪਾਰਾ ਚੜ ਗਿਆ ਖੂਬ ਮਸਤਾਨਿਆਂ ਦਾ ਉਹਨਾਂ ਪਕੜ ਕੇ ਖੂਬ ਟਿਕਾ ਦਿਤੀਆਂ



Sri Satguru Jagjit Singh Ji Elibrary NamdhariElibrary@gmail.com

ਬਸ ਫੇਰ ਕੀ ਝਟ ਸ਼ਕੇਤ ਹੋ ਗਈ, ਵੇਲਾ ਤਾੜਿਆ ਖੂਬ ਬਹਾਨਿਆਂ ਨੇ
ਕਿਹਾ ਸੂਬਿਆਂ ਸ਼ਹਿਨਸ਼ਾਹ ਅੱਤ ਚੁੱਕੀ, ਇਨ੍ਹਾਂ ਆਪ ਦੇ ਮੋਏ ਮਸਤਾਨਿਆਂ ਨੇ
ਰੱਬੀ ਜੋਤ ਜੀ ਸਾੜਿਆ ਦਿਲ ਸਾਡਾ, ਇਹਨਾਂ ਆਪ ਦੇ ਪ੍ਰੇਮ ਪਰਵਾਨਿਆਂ ਨੇ
ਨਹੀਂ ਸਮਝਦੇ ਕਿਸੇ ਦੀ ਮੰਨਦੇ ਨਹੀਂ, ਲਾਇਆ ਆਪਣਾ ਟਿੱਲ ਹੈ ਦਾਨਿਆਂ ਨੇ
ਗਲ ਕਲ ਦੀ ਇਹਨਾਂ ਦਾ ਦਲ ਦੇਖੋ, ਇਕ ਸਿੱਖ ਇਕੱਲੇ ਤੇ ਟੁੱਟਿਆ ਏ
ਸੱਚੇ ਪਾਤਸ਼ਾਹ ਕੁਝ ਵੀ ਗੱਲ ਨਹੀਂ ਸੀ, ਉਹਨੂੰ ਛੱਲੀਆਂ ਦੇ ਵਾਂਙ ਕੁੱਟਿਆ ਏ

———

ਦਰਦ ਪੁੰਜ ਬੋਲੇ ਅੱਛਾ ਫੇਰ ਕੀ ਏ, ਅਸੀਂ ਅੱਜ ਹੀ ਲੇਖਾ ਮੁਕਾ ਦਿਆਂਗੇ
ਸਾਡੇ ਸਿੱਖਾਂ ਨੂੰ ਜਿਨ੍ਹਾਂ ਨੇ ਮਾਰਿਆ ਹੈ, ਅਸੀਂ ਉਹਨਾਂ ਨੂੰ ਮਜ਼ਾ ਚਖਾ ਦਿਆਂਗੇ
ਸਾਡੇ ਸੂਬੇ ਤੇ ਵਰ੍ਹੇ ਜੋ ਗੜੇ ਹੋ ਕੇ, ਅਸੀਂ ਉਨ੍ਹਾਂ ਨੂੰ ਰੰਗ ਵਿਖਾ ਦਿਆਂਗੇ
ਪੱਕੇ ਹੋਏ ਹੰਕਾਰੀਆਂ ਸਿਟਿਆਂ ਤੇ, ਅਸੀਂ ਡਾਂਗ ਦਾ ਮੀਂਹ ਵਰ੍ਹਾ ਦਿਆਂਗੇ
ਏਨਾ ਆਖਕੇ ਚਲ ਪਏ ਰਮਜ਼ ਅੰਦਰ, ਕੌਤਕ ਅਜਬ ਸੰਸਾਰ ਤੇ ਕਰਨ ਵਾਲੇ
ਭਰਿਆਂ ਉਛਲਿਆਂ ਨੂੰ ਖਾਲੀ ਕਰਨ ਵਾਲੇ, ਅਤੇ ਸਖਨਿਆਂ ਨੂੰ ਭਲ ਵਿਚ ਭਰਨ ਵਾਲੇ

———

ਓਧਰ ਮਸਤਿਆ ਝੁੰਡ ਮਸਤਾਨਿਆਂ ਦਾ, ਹੈਸੀ ਨੰਗਲੇ ਦੀ ਸੁੰਦਰ ਢਾਬ ਉਤੇ
ਜਾਪੇ ਖੁਸ਼ੀ ਅਗੰਮੀ ਦੇ ਵਿਚ ਖਿੜਿਆ, ਭਖਣ ਲਾਲੀਆਂ ਚਿਹਰੇ ਗੁਲਾਬ ਉਤੇ
ਕੋਈ ਗਾਂਵਦਾ ਸੀ ਕੋਈ ਝੂਮਦਾ ਸੀ, ਕੋਈ ਮਸਤ ਸੀ ਤਾਰ ਰਬਾਬ ਉਤੇ
ਕੋਈ ਨਾਮ ਅਲੱਖ ਦਾ ਲਿਖ ਰਿਹਾ ਸੀ, ਅਪਣੇ ਦਿਲ ਦੀ ਪਾਕ ਕਿਤਾਬ ਉਤੇ
ਕਿਸੇ ਆਣ ਕੇ ਆਖਿਆ ਸੁਣੋਂ ਸਿਖੋ, ਜਾਣੀ ਜਾਣ ਨੇ ਆਪ ਵਲ ਆਉਣ ਲੱਗੇ
ਬਸ ਫੇਰ ਕੀ ਸੀ ਆ ਕੇ ਰੰਗ ਅੰਦਰ, ਨਚਣ ਡਹਿ ਪਏ ਘੁੰਮਰਾਂ ਪਾਉਣ ਲੱਗੇ

———

ਏਨੇ ਚਿਰ ਨੂੰ ਚੀਨੀ ਅਸਵਾਰ ਆ ਗਏ, ਬੋਲੇ ''ਉਠ ਕੇ ਜਾਓ ਖਲੋ ਸਾਰੇ
ਖਬਰਦਾਰ ਅਗੇ ਪਿਛੇ ਹੋਵਣਾ ਨਾ, ਜਾਓ ਇਕੋ ਕਤਾਰ ਵਿਚ ਹੋ ਸਾਰੇ
ਤੋਬਾ ਤੁਸਾਂ ਸਤਾਇਆ ਏ ਬੜਾ ਮੈਨੂੰ, ਕੰਡੇ ਦਿਤੇ ਜੇ ਮੈਨੂੰ ਚਭੋ ਸਾਰੇ
ਹੋ ਕੇ ਏਕਤਾ ਦੇ ਫੁਲ ਖਾਲਸਾ ਸੀ, ਫੇਰ ਰਖੋ ਕਿਉਂ ਦੂਈ ਦੀ ਬੋ ਸਾਰੇ
ਝੱਟ ਪੱਟ ਬੰਨ ਲਈ ਪਾਲ ਮਸਤਾਨਿਆਂ ਨੇ, ਜਾਣੀ ਜਾਣ ਜੀ ਡਾਂਗ ਵਰਤਾਉਣ ਲਗੇ
ਜਾਣ ਏਧਰੋਂ ਮਾਰਦੇ ਓਸ ਪਾਸੇ, ਅਤੇ ਓਧਰੋਂ ਏਧਰ ਨੂੰ ਆਉਣ ਲੱਗੇ

———

ਮਾਰ ਜਿਉਂ ਜਿਉਂ ਪਵੇ ਮਸਤਾਨਿਆਂ ਨੂੰ, ਤਿਉਂ ਤਿਉਂ ਕਹਿਣ ਸਾਨੂੰ ਰੰਗਣ ਚਾੜ੍ਹ ਜਾਇਓ
ਖਾਕੇ ਇਕ ਪਾਸੇ ਮੁੜਣ ਦੂਏ ਪਾਸੇ, ਆਖਣ ਇਧਰ ਦੇ ਪਾਪ ਵੀ ਝਾੜ ਜਾਇਓ
ਮੂੰਹ ਨਾਮ ਨਹੀਂ ਜਪਦਾ ਵਰ੍ਹੋ ਇਸ ਤੇ, ਅੱਜ ਇਹਦਾ ਵੀ ਭੰਨ ਬੁਥਾੜ ਜਾਇਓ
ਹੱਥ ਸੇਵਾ ਦਾ ਕਦੀ ਨਹੀਂ ਨਾਮ ਲੈਂਦੇ, ਮਾਰ ਗੁੱਟ ਉਤੇ ਕਾੜ ਕਾੜ ਜਾਇਓ
ਨਿਵਦੇ ਸਿਰ ਨਹੀਂ ਭਰੇ ਹੰਕਾਰ ਅੰਦਰ ਡਾਂਗ ਮਾਰ ਕੇ ਇਹਨਾਂ ਨੂੰ ਤੋੜ ਜਾਇਓ
ਸਾਡੇ ਸੀਨਿਆਂ ਵਿਚ ਨਹੀਂ ਦਰਦ ਰਿਹਾ, ਕੋਈ ਦਰਦ ਵਾਲਾ ਕੰਡਾ ਬੋੜ ਜਾਇਓ

**ਵਰਿਆਮ**



Sri Satguru Jagjit Singh Ji Elibrary NamdhariElibrary@gmail.com

ਲੋਕੀ ਵੇਖਦੇ ਸੀ ਜਿਹੜੇ ਇਹ ਕੌਤਕ, ਪਏ ਮੂੰਹ ਵਿਚ ਉਂਗਲਾਂ ਪਾਂਵਦੇ ਸਨ
ਨਾਲੇ ਸ਼ਹਿਨਸ਼ਾਹ ਕੁਟਣ ਮਸਤਾਨਿਆਂ ਨੂੰ, ਨਾਲੇ ਦਰਦ ਵਿਚ ਨੈਨ ਵਹਾਂਵਦੇ ਸਨ
ਅਜਬ ਹਾਲ ਸੀ ਇਧਰ ਮਸਤਾਨਿਆਂ ਦਾ, ਨਾਲੇ ਨੱਚਦੇ ਸਨ ਨਾਲੇ ਗਾਂਵਦੇ ਸਨ
ਚੀਨੀ ਵਾਲੇ ਦੇ ਪਿਆਰ ਦੇ ਹੋ ਭੁੱਖੇ, ਸ਼ੁਕਰ-ਸ਼ੁਕਰ ਕਰਕੇ ਡਾਂਗਾਂ ਖਾਂਵਦੇ ਸਨ
ਅੰਨ ਜਲ ਨ ਦੇਣਾ ਮਸਤਾਨਿਆਂ ਨੂੰ, ਜਾਂਦੀ ਵਾਰ ਫੁਰਮਾਕੇ ਚਲੇ ਗਏ
ਲਿਆ ਡਾਂਗ ਪਰਸ਼ਾਦ ਸ਼ਰਧਾਲੂਆਂ ਨੇ, ਮਹਾਰਾਜ ਵਰਤਾਕੇ ਚਲੇ ਗਏ

———

ਚਾਰ ਦਿਨ ਹੋਏ ਏਸੇ ਹਾਲ ਅੰਦਰ, ਐਪਰ ਭੁਖਿਆਂ ਈਂ ਸਿਦਕੀ ਰਜਦੇ ਰਹੇ
ਬੇਪਰਵਾਹ ਬੇਖੌਫ ਬੇਚਿੰਤ ਹੋਕੇ, ਦਿਲੋਂ ਰਾਮ ਜੀ ਰਾਮ ਜੀ ਭਜਦੇ ਰਹੇ
ਧੂੜੀ ਵਿਚ ਲੁਡੰਦੜੇ ਸੋਂਹਵਦੇ ਰਹੇ ਬਿਨਾਂ ਸੋਹਜ ਸ਼ਿੰਗਾਰ ਤੋਂ ਸਜਦੇ ਰਹੇ
ਉਹਨਾਂ ਹਸਦਿਆਂ ਪ੍ਰੇਮ ਦੀ ਕੈਦ ਕੱਟੀ, ਕਾਇਮ ਫੈਸਲੇ ਦਿਲਾਂ ਦੇ ਜੱਜ ਦੇ ਰਹੇ
ਓਧਰ ਰੰਗ ਸੀ ਇਹ ਮਸਤਾਨਿਆਂ ਦਾ ਪਿਆ ਪੇਟ ਅੰਦਰ ਭੋਰਾ ਅੰਨ ਦਾ ਨਹੀਂ
ਓਧਰ ਕਹੇ ਜੇ ਕੋਈ ਕੁਝ ਛੱਕੋ ਪ੍ਰਭੂ ਜੀ, ਆਖਣ ਮਨ ਕੁਝ ਖਾਣ ਨੂੰ ਮੰਨਦਾ ਨਹੀਂ

———

ਪੁੱਛੇ ਕੋਈ ਤਾਂ ਪਾਤਸ਼ਾਹ ਤੜਫ ਆਖਣ, ਮੈਨੂੰ ਗਲਾਂ ਵੀ ਲਗਦੀਆਂ ਤੱਤੀਆਂ ਨੇ
ਮੈਥੋਂ ਕੁਝ ਨਹੀਂ ਸਜਣੋਂ ਗਲ ਹੁੰਦੀ, ਮੇਰੇ ਗਲ ਅੰਦਰ ਪਈਆਂ ਪੱਤੀਆਂ ਨੇ
ਮੇਰੀ ਅੱਖ ਅੰਦਰ ਵਸੇ ਦਰਦ ਕੋਈ, ਇਕੋ ਤੁਲ ਦੀਆਂ ਸਿਦਕ ਦੀਆਂ ਰੱਤੀਆਂ ਨੇ
ਉਨ੍ਹਾਂ ਹੱਥ ਹੈ ਸਜਣੋਂ ਡੋਰ ਮੇਰੀ, ਪ੍ਰੇਮ ਪੂਣੀਆਂ ਜਿਨ੍ਹਾਂ ਨੇ ਕੱਤੀਆਂ ਨੇ
ਏਸ ਰਮਜ਼ ਤੋਂ ਕਿਸੇ ਨੇ ਸਮਝ ਲੀਤਾ, ਇਹ ਤਾਂ ਪਲ ਰਹੀ ਪ੍ਰੀਤ ਪਰਵਾਨਿਆਂ ਦੀ
ਤਦ ਤਕ ਭੁਖ ਮਹਾਰਾਜ ਨੂੰ ਲਗਣੀ ਨਹੀਂ ਜਦ ਤੱਕ ਭੁੱਖ ਨਾ ਮਿਟੇ ਮਸਤਾਨਿਆਂ ਦੀ

———

ਆਖਰ ਰੋ ਕੇ ਕਿਹਾ ਇਕ ਲਾਡਲੇ ਨੇ, ਜਾਣੀ ਜਾਣ ਨੇ ਅਰਜ ਮਨਜ਼ੂਰ ਕੀਤੀ
ਕਿਹਾ ਪਹਿਲਾਂ ਛਕਾਓ ਮਸਤਾਨਿਆਂ ਨੂੰ ਸਿਖੀ ਜਿਨ੍ਹਾਂ ਨੇ ਹੈ ਨੂਰੋ ਨੂਰ ਕੀਤੀ
ਸਿਦਕੀ ਇਸ ਤਰ੍ਹਾਂ ਸਿਦਕ ਵਿਚ ਵਸਦੇ ਨੇ, ਉਨ੍ਹਾਂ ਪੰਥ ਵਿਚ ਗਲ ਮਸ਼ਹੂਰ ਕੀਤੀ
ਰਹਿਕੇ ਭੁਖਿਆਂ ਉਨ੍ਹਾਂ ਦੇ ਹੁਕਮ ਅੰਦਰ, ਮੇਰੀ ਭੁੱਖ ਹੈ ਸਜਣੋਂ ਦੂਰ ਕੀਤੀ
'ਤੀਰ' ਇਹ ਹੈ ਪਿਆਰ ਦੀ ਉੱਚ ਝਾਕੀ, ਲੇਸ ਏਸ ਵਿਚ ਦੁਨੀਆਂ ਦੇ ਰੰਗ ਦੀ ਨਹੀਂ
ਸਿਖ ਅੰਨ ਦੇ ਬਿਨਾ ਜੋ ਰਹੇ ਭੁੱਖਾ, ਬੁਰਕੀ ਸਤਿਗੁਰੂ ਦੇ ਮੂੰਹੋਂ ਲੰਘਦੀ ਨਹੀਂ



Sri Satguru Jagjit Singh Ji Elibrary NamdhariElibrary@gmail.com

# ਰਾਮ ਕੱਥਾ

—ਬ੍ਰਿਜ ਲਾਲ ਸ਼ਾਸਤਰੀ

ਗੁਰੂ ਗੋਬਿੰਦ ਸਿੰਘ ਜੀ ਨੇ ਦਸਮ ਗਰੰਥ ਵਿਚ ਲਿਖਿਆ ਹੈ ਰਾਮ ਕਥਾ ਜੁਗ ਜੁਗ ਅਟਲ। ਆਦਿ ਕਾਲ ਵਿਚ ਰਿਸ਼ੀ ਬਾਲਮੀਕ ਜੀ ਨੇ ਇਸ ਕਥਾ ਦਾ ਰੋਚਿਕ ਵਰਨਣ ਕੀਤਾ ਹੈ। ਸ਼ਾਸਤਰੀ ਜੀ ਨੇ ਪੰਜਾਬੀ ਵਾਰਤਕ ਵਿਚ ਇਹ ਕਥਾ ਲਿਖ ਕੇ ਪੰਜਾਬੀ ਸਾਹਿਤ ਵਿਚ ਨਿਗਰ ਵਾਧਾ ਕੀਤਾ। ਦੁਸਹਿਰੇ ਦੀਵਾਲੀ ਦੇ ਮੌਸਮ ਵਿਚ ਰਾਮ ਜੀ ਦੀ ਕਥਾ ਘਰ ਘਰ ਕੀਤੀ ਜਾਂਦੀ ਏ। —ਸੰਪਾਦਕ

## ਰਾਮ ਤੇ ਰਾਵਣ ਦੀ ਲੜਾਈ—ਰਾਵਣ ਦੀ ਮੌਤ

ਲਛਮਣ ਦੇ ਬਚਨ ਸੁਣ ਰਾਮ ਜੀ ਧਨੁਸ਼ਬਾਣ ਲੈ ਕੇ ਤਿਆਰ ਬਰ-ਤਿਆਰ ਹੋ ਗਏ। ਇੰਨੇ ਵਿਚ ਹਾਰ ਖਾਕੇ ਦੂਣੀ ਗਰਮੀ ਨਾਲ ਰਾਵਨ ਦੂਜੇ ਰੱਥ ਤੇ ਚੜ੍ਹ ਕੇ ਆਇਆ ਤੇ ਧੜਾਧੜ ਤੀਰ ਛੱਡਣ ਲੱਗਾ। ਰਾਮ ਜੀ ਵੀ ਤੀਰ ਤੇ ਤੀਰ ਮਾਰਨ ਲੱਗੇ। ਰਾਵਣ ਨੇ ਗੰਧਰਵ ਅਸਤ੍ਰ ਛੱਡਿਆ—ਰਾਮ ਜੀ ਨੇ ਵੀ ਗੰਧਰਵ ਅਸਤ੍ਰ ਛੱਡ ਕੇ ਉਸ ਨੂੰ ਅਫੱਲ ਕਰ ਦਿੱਤਾ। ਰਾਵਣ ਨੇ ਦੇਵ ਅਸਤ੍ਰ ਮਾਰਿਆ—ਰਾਮ ਜੀ ਨੇ ਵੀ ਦੇਵ ਅਸਤ੍ਰ ਮਾਰ ਕੇ ਨਿਕੰਮਾ ਕਰ ਦਿੱਤਾ। ਰਾਵਣ ਨੇ ਰਾਖਸ਼ਸ ਅਸਤ੍ਰ ਚਲਾਇਆ ਜਿਸ ਵਿਚੋਂ ਬਾਣਾਂ ਸੱਪ ਬਣਕੇ ਰਾਮ ਜੀ ਨੂੰ ਘੇਰਾ ਪਾ ਦਿੱਤਾ। ਰਾਮ ਜੀ ਨੇ ਗਰੁੜ ਅਸਤ੍ਰ ਚਲਾਇਆ ਜਿਸ ਵਿਚੋਂ ਬਾਨਾਂ ਗਰੁੜ ਬਣ ਕੇ ਸੱਪਾਂ ਨੂੰ ਖਾ ਲਿਆ। ਰਾਵਣ ਦੀਆਂ ਅੱਖਾਂ ਵਿਚ ਅੰਗਾਰੇ ਨਿਕਲ ਪਏ। ਉਸ ਨੇ ਬਾਨਾਂ ਦੀ ਛਹਿਬਰ ਲਾ ਕੇ ਰਾਮ ਜੀ ਦਾ ਸਰੀਰ ਵਿੰਨ੍ਹ ਦਿੱਤਾ। ਉਸ ਵੇਲੇ ਦਸਾਂ ਸਿਰਾਂ, ਵੀਹਾਂ ਬਾਹਵਾਂ ਵਾਲਾ ਰਾਵਣ ਮੋਹਲੇਧਾਰ ਬਰਖਾ ਕਰਨ ਵਾਲੇ ਕਾਲੇ ਬਦਲ ਵਾਂਗ ਜਾਪ ਰਿਹਾ ਸੀ।

ਰਾਮ ਜੀ ਦੀਆਂ ਭਵਾਂ ਚੜ੍ਹੀਆਂ। ਉਨ੍ਹਾਂ ਦੇ ਬਾਨਾਂ ਨੇ ਰਾਵਣ ਦਾ ਝੰਡਾ ਉਡਾ ਦਿੱਤਾ, ਘੋੜੇ ਫੱਟੜ ਕਰ ਦਿਤੇ। ਦਸਾਂ ਸਿਰਾਂ ਵਿਚੋਂ ਲਹੂ ਦੀਆਂ ਤੰਦੀੜੀਆਂ ਵਗਣ ਲੱਗ ਪਈਆਂ। ਰਾਵਨ ਨੇ ਸੂਲ ਚੁੱਕਿਆ, ਰਾਮ ਜੀ ਨੇ ਜਿਹੜੇ ਤੀਰ ਉਸ ਸੂਲ ਨੂੰ ਮਾਰੇ, ਸਵਾਹ ਹੁੰਦੇ ਗਏ। ਅੰਤ ਇੰਦਰ ਦੀ ਦਿੱਤੀ ਹੋਈ ਸ਼ਕਤੀ ਨਾਲ ਰਾਮ ਜੀ ਨੇ ਉਹ ਟੋਟੇ ਟੋਟੇ ਕਰ ਕੇ ਰੱਖ ਦਿੱਤਾ। ਅਸਤ੍ਰਾਂ ਦੀ ਗਤ ਹੋਈ ਦੇਖ ਰਾਵਨ ਫੇਰ ਸਿੱਧੀ ਲੜਾਈ ਤੇ ਆਇਆ। ਫੇਰ ਇਕ ਦੂਜੇ ਤੇ ਬਾਨ ਵਰ੍ਹਾਨ ਲੱਗ ਪਏ। ਫੇਰ ਦੇਵਾਂ ਅਸੁਰਾਂ ਵਾਲਾ ਪਿੜ ਬੱਝਾ। ਧਨੁਸ਼ ਵਿਦਿਆ ਆਪਣੇ ਆਪ ਤੇ ਹੈਰਾਨ ਹੋਈ। ਅਕਾਸ਼ ਕੰਬਿਆ ਧਰਤੀ ਹਿਲੀ। ਪਤਾਲ ਵਿਚ ਤਰਥੱਲ ਪੈ ਗਈ। ਰਾਮ ਤੇ ਰਾਵਣ ਜੁਟੇ ਹੋਏ ਸਨ। ਬਾਨ ਮਾਰਦੇ ਸਨ। ਬਾਣ ਕਟਦੇ ਹਨ। ਬਾਨ ਉਡਾਂਦੇ ਸਨ। ਬਾਨ ਟਕਰਾਂਦੇ ਸਨ। ਝੱਖੜ ਚੱਲ ਰਹੇ ਸਨ, ਬਿਜਲੀਆਂ ਚਮਕ ਰਹੀਆਂ ਸਨ। ਧਨੁਸ਼ ਗੁੰਜਾ ਰਹੇ ਸਨ। ਬਾਨ ਸ਼ੂਕ ਰਹੇ ਸਨ।

ਬੜਾ ਚਿਰ ਇਹ ਭੇੜ ਹੁੰਦਾ ਰਿਹਾ। ਉੱਤੋਂ ਦੋਵੇਂ ਵਧਦੇ ਜਾ ਰਹੇ ਸਨ। ਵਿਚੋਂ ਦੋਵੇਂ ਘਟਦੇ ਜਾ ਰਹੇ ਸਨ। ਰਾਵਣ ਸਮੁੰਦਰਾਂ ਦਾ ਤਾਰੂ ਸੀ। ਅੱਜ ਇਕ ਮਨੁੱਖ ਜੇਹਾ ਉਹਦਾ ਹੱਥ ਬੰਨ੍ਹ ਰਿਹਾ ਸੀ। ਰਾਮ ਦੇ ਬਾਨਾਂ ਨੇ ਖਦਰੂਖਣ, ਕਬੰਧ, ਬਾਲੀ ਨੂੰ ਗਾਜਰ ਮੂਲੀਆਂ ਬਣਾ ਦਿੱਤਾ ਸੀ। ਅੱਜ ਦਿਲ ਲਾ ਕੇ ਵੀ ਰਾਵਣ ਕੁਝ ਨਾ ਕਰ ਸਕਿਆ। ਕਰਮਾਂ ਦੀ ਖੇਡ। ਰਾਵਣ ਨੇ ਸਾਹ ਅਜੇ ਲੈਣੇ ਹੋਣਗੇ। ਇਸ ਚਿੰਤਾ ਵਿਚ ਪਏ ਰਾਮ ਜੀ ਨੂੰ ਅਗਸਤ ਮੁਨੀ ਦਾ ਦਿੱਤਾ ਬ੍ਰਹਮਾ ਜੀ ਦਾ ਅਸਤ੍ਰ ਯਾਦ ਆਇਆ। ਇਹ ਅਸਤ੍ਰ ਅਮੋਘ ਸੀ, ਕਦੀ ਐਵੇਂ ਨਾ ਸੀ ਜਾਂਦਾ। ਇਸਦੀ ਚਾਲ ਵਿਚ ਵਾ ਦੀ, ਧਾਰ ਵਿਚ ਅੱਗ ਤੇ ਸੂਰਜ ਦੀ, ਸਰੀਰ ਵਿਚ ਅਕਾਸ਼ ਦੀ ਤੇ ਭਾਰ ਵਿਚ ਮੇਰੂ ਤੇ ਮੰਦਰ ਪਰਬਤ ਦੀ ਵਡਿਆਈ ਪਾਈ ਗਈ ਸੀ ਧਨੁਰ ਵੇਦ ਦੀ ਵਿਧ ਨਾਲ ਉਸ ਬਾਨ ਨੂੰ ਮੰਤਰ ਕੇ ਧਨੁਸ਼ ਨਾਲ ਰਾਮ ਜੀ ਨੇ ਜੋੜਿਆ ਤੇ ਰਾਵਣ ਨੇ ਚਲਾ ਦਿੱਤਾ। ਇੰਦ੍ਰ ਦੇ ਹੱਥੋਂ ਛੁਟੇ ਬੱਜਰ ਦਾ ਭਰਾ ਤੇ ਕਾਲ ਦਾ ਸਾਂਢੂ ਰਾਵਣ ਦੀ ਛਾਤੀ ਤੇ ਕੜਾਕ ਵੱਜਾ ਤੇ ਰਾਖਸ਼ਸ ਦੇ ਪ੍ਰਾਣ ਪਖੇਰੂ ਸਮੇਟ ਕੇ ਮੁੜ ਰਾਮ ਦੇ ਭੱਥੇ ਵਿਚ ਆ ਵੜਿਆ।

ਇੰਦ੍ਰ ਦੇ ਹੱਥੋਂ ਮੋਏ ਵਿਤ ਵਾਂਗ ਮਿੱਟੀ ਵਿਚ ਮਿਲੇ ਰਾਵਣ ਨੂੰ ਦੇਖ ਕੇ ਕੁਝ ਰਾਖਸ਼ਸ ਡਰ ਨਾਲ ਉਥੇ ਹੀ ਢੇਰ ਹੋ ਗਏ। ਬਾਕੀ ਲੰਕਾ ਵੱਲ ਪੈਰ ਸਿਰਾਂ ਤੇ ਧਰ ਕੇ ਨੱਸ ਗਏ। ਬਾਂਦਰਾਂ ਰਿੱਛਾਂ ਦੇ ਸਮੁੰਦਰ ਵਿਚ ਖੁਸ਼ੀਆਂ ਦਾ ਤੂਫਾਨ ਆ ਗਿਆ। ਸੁਰਗ ਲੋਕ ਵਿਚ ਮਿੱਠੇ ਸੰਗੀਤ ਛਿੜ ਪਏ। ਵਾ ਵਿਚ ਆਖਰਾਂ ਦੀ ਸੁਗੰਧ ਤੇ ਮਸਤੀ ਆ ਗਈ। ਕਲਪ ਰੁਖਾਂ ਦੇ ਫੁੱਲਾਂ ਦੀ ਬਰਖਾ ਕਰਦੇ ਦੇਵਤੇ ਰਾਮ ਦੇ ਜਸ ਗਾਉਣ ਲੱਗੇ।

## ਰਾਵਣ ਦਾ ਸਿਆਪਾ ਤੇ ਸੰਸਕਾਰ : ਸੁਗ੍ਰੀਵ ਦੀ ਸੈਨਾ



Sri Satguru Jagjit Singh Ji Elibrary NamdhariElibrary@gmail.com

ਵਿਚ ਇਕ ਹੈ ਸੀ ਜਿਹੜਾ ਖੁਸ਼ੀ ਦੇ ਘਰ ਵਿਚ ਨਹੀਂ ਸੀ। ਵਿਭੀਖਣ ਭਰਾ ਨੂੰ ਮੋਇਆ ਦੇਖ ਅੱਖਾਂ ਦਾ ਹੜ੍ਹ ਰੋਕ ਕੇ ਉਸ ਵੱਲ ਨੱਠਾ ਤੇ ਉਹਦਾ ਸਿਰ ਪਟਾਂ ਤੇ ਰਖ ਕੇ ਫੁੱਟ ਪਿਆ-ਭਰਾ! ਤੂੰ ਏਡਾ ਸੂਰਮਾ ਸੈਂ ਤੇ ਹੁਣ ਨਿਮਾਣਿਆਂ ਵਾਂਗ ਇੰਜ ਪਿਆ ਏਂ। ਸਾਰੇ ਜੱਗ ਦੇ ਸੁੱਖ ਸਾਜ਼ ਤੇਰੇ ਹਨ। ਹੁਣ ਇਹ ਰੋੜਾਂ ਵਾਲੀ ਉੱਚੀ ਨੀਵੀਂ ਥਾਂ ਹੀ ਤੇਰਾ ਸੁਨਹਿਰੀ ਹੀਰਿਆਂ ਜੜਿਆਂ ਪਲੰਘ ਬਣਿਆ ਹੋਇਆ ਏ। ਦੇਖ ਭਰਾ! ਇਸੇ ਮੌਤ ਤੋਂ ਮੈਂ ਤੈਨੂੰ ਵਰਜਿਆ ਸੀ। ਪਰ ਤੂੰ ਸੁਣੀ ਅਣਸੁਣੀ ਕਰ ਕੇ ਮੈਨੂੰ ਪਰ੍ਹਾਂ ਕੀਤਾ! ਹਾਇ ਹਾਇ ਰਾਖਸ਼ਸਾਂ ਦੇ ਕੁਲ ਦਾ ਸੂਰਜ ਡੁੱਬ ਗਿਆ! ਲੰਕਾ ਦੀ ਵਡਿਆਈ ਦੀ ਬੋਹੜ ਸਣੇਂ ਡਾਲਿਆਂ ਪੱਤਰਾਂ ਰਾਮ ਜੀ ਨੇ ਪੁੱਟ ਕੇ ਮਿੱਟੀ ਮਿਚ ਮਿਲਾ ਦਿੱਤੀ।

ਰਾਮ ਜੀ ਨੇ ਵਿਭੀਖਣ ਨੂੰ ਕਿਹਾ—ਛਾਤਰ ਧਰਮ ਵਿਚ ਮੌਤ ਪਹਿਲੋਂ ਏ, ਹੋਰ ਕੁਝ ਪਿੱਛੇ। ਦੂਜੇ, ਕਰਮ ਤੇ ਫਲ ਦੀ ਲਾਮ ਡੋਰੀ ਧੁਰਾਂ ਤੋਂ ਚਲੀ ਆਈ ਏ। ਕੋਈ ਸੂਰਮਾ ਕੋਈ ਰਿਸ਼ੀ ਮੁਨੀ, ਇਸ ਤੋਂ ਬਚ ਨਹੀਂ ਸਕਿਆ। ਇਸ ਲਈ ਵਿਭੀਖਣ ਜੀ ਮੋਹ ਤੇ ਸੋਗ ਛੱਡ ਕੇ ਇਸ ਦੀ ਦੇਹ ਦਾ ਦਾਹ ਕਰੋ। ਵਿਭੀਖਣ ਨੇ ਸੋਗ ਨਾਲ ਤਪਕੇ ਕਿਹਾ ਮਹਾਰਾਜ, ਜਿਸ ਮਹਾਂਬਲੀ ਨੂੰ ਕੋਈ ਦੇਵਤਾ ਦਾਨਵ ਸਾਹਮਣੇ ਖਲੋ ਕੇ ਨਾ ਦੇਖ ਸਕਿਆ ਉਸ ਦੀ ਆਪ ਨੇ ਇਹ ਗਤ ਕਰ ਦਿੱਤੀ ਏ!

ਜੰਗਲ ਦੀ ਅੱਗ ਵਾਂਗ ਰਾਵਣ ਦੀ ਮੌਤ ਦੀ ਖਬਰ ਤਿੰਨਾਂ ਲੋਕਾਂ ਵਿਚ ਫੈਲ ਗਈ। ਲੰਕਾ ਵਿਚ ਘਰ-ਘਰ 'ਵਾਹ ਸ਼ੇਰਾ ਵਾਹ' ਹੋਣ ਲੱਗ ਪਈ। ਹਾਇ ਹਾਇ ਕਰਦੀਆਂ ਰਾਖਸ਼ਣੀਆਂ ਵਾਲ ਖ਼ਿਲਾਰ ਸ਼ਦਾਇਣਾਂ ਹੋਈਆਂ ਹੋਈਆਂ ਰਣਖੇਤ ਵੱਲ ਟੁਰ ਪਈਆਂ। ਕਾਹੀਆ ਤੇ ਪਿੱਟੋ ਕੁੱਟਾ ਕਰਦੀਆਂ ਉਹ ਰਾਵਣ ਦੀ ਲਾਸ਼ ਕੋਲ ਪੁੱਜ ਗਈਆਂ ਤੇ ਲੱਗੀਆਂ ਮਿੱਟੀਆਂ ਦੇ ਬੁੱਕ ਭਰ-ਭਰ ਸਿਰੀਂ ਪਾਣ, ਮੁਰਦੇ ਨੂੰ ਬੁਲਾਣ, ਵੈਣ ਪਾਣ, ਤੇ ਕੀਰਨੇ ਕਰਨ। ਲੱਗੀਆਂ ਲਹੂ ਤੇ ਲਾਸ਼ਾਂ ਦੇ ਉਸ ਛੰਭ ਵਿਚ ਤਿਲ੍ਹਕ ਤਿਲ੍ਹਕ ਡਿਗਣ। ਲੱਗੀਆਂ ਅੱਥਰੂਆਂ ਦੇ ਪਰਨਾਲੇ ਵਗਾਣ, ਹਾਥੀ-ਮੋਇਆਂ ਹੱਥਣੀਆਂ ਵਾਂਗ ਚੀਕ ਚਿਹਾੜਾ ਪਾਣ। ਬੇਹੋਸ਼ ਹੋ ਜਾਂਦੀਆਂ ਸਨ, ਚੁੱਪ ਹੋ ਜਾਂਦੀਆਂ ਸਨ। ਹੋਸ਼ ਵਿਚ ਆਉਂਦੀਆਂ ਸਨ, ਤੜਫਦੀਆਂ ਤੇ ਕੁਰਲਾਂਦੀਆਂ ਸਨ। ਰਾਵਣ ਦਾ ਮੂੰਹ ਦੇਖਦੀਆਂ ਸਨ, ਪੈਰ ਫੜਦੀਆਂ ਸਨ, ਮੱਥਿਆਂ ਤੇ ਹੱਥ ਮਾਰਦੀਆਂ ਸਨ।

ਪਟਰਾਣੀ ਮੰਦੋਦਰੀ ਦਾ ਤੇ ਸਭਨਾਂ ਤੋਂ ਬੁਰਾ ਹਾਲ ਸੀ। ਮੰਦੋਦਰੀ ਲਿੱਦ ਦਾ ਮਾਣਕ ਸੀ। ਉਸੇ ਦੇ ਸਤ ਕਰਕੇ ਰਾਵਣ ਦੀ ਲੰਕਾਂ ਵੱਸਦੀ ਸੀ। ਉਹਦੇ ਕੀਰਨਿਆਂ ਨੇ ਅਕਾਸ਼ ਵਿਚ ਥਰਹਰ ਪਾ ਦਿੱਤੀ। ਬੋਲੀ—ਸਾਈਆਂ, ਕਰੋਧ ਕਰਦਾ ਸੈਂ ਤੇ ਇੰਦ੍ਰ ਵੀ ਕੰਬ ਜਾਂਦਾ ਸੀ। ਤਿੰਨੇ ਲੋਕ ਤੇਰਾ ਪਾਣੀ ਭਰਦੇ ਸਨ। ਇਹ ਰਾਮ ਮੈਨੂੰ ਈਸ਼ਵਰ ਹੀ ਜਾਪਦਾ ਏ। ਜਿਸ ਤੇਰੀ ਵੀ ਪਿੱਠ ਲਾਈ। ਇਹ ਬਾਂਦਰ ਨਹੀਂ ਦੇਵਤੇ ਨੇ, ਜਿਨ੍ਹਾਂ ਇਸ ਰੂਪ ਵਿਚ ਆ ਕੇ ਵੈਰ ਕੱਢਿਆ ਏ! ਖਰਦੂਖਣ ਦੇ ਵੇਲੇ ਹੀ ਮੈਨੂੰ ਸ਼ਕ ਪੈਂਦਾ ਸੀ ਪਈ ਰਾਮ ਜਨਾ-ਖਨਾ ਨਹੀਂ, ਕੋਈ ਚੀਜ਼ ਏ! ਹਨੂਮਾਨ ਇਕੱਲਾ ਜਦ ਉਹ ਕਾਰੇ ਕਰ ਗਿਆ ਤਦ ਵੀ ਭਾਸਦਾ ਸੀ, ਕੋਈ ਭੇਤ ਹੈ ਇਸ ਵਿਚ। ਮੈਂ ਬਾਰ ਬਾਰ ਵਰਜਿਆ ਕਿ ਰਾਮ ਨਾਲ ਵੈਰ ਨਾ ਪਾ। ਪਰ ਤੂੰ ਇਹ ਨਾ ਮੰਨਿਆ। ਉਸ ਦਾ ਇਹ ਫਲ ਏ! ਹੋਣੀ ਜੋ ਹੋਣੀ ਸੀ! ਮੈਂ ਕਿਹਾ ਸੀ ਨਾ ਸੀਤਾ ਅਰੁੰਧਤੀ ਤੇ ਰੋਹਿਣੀ ਕੋਲੋਂ ਵਧ ਕੇ ਸਤੀ ਏ? ਉਹ ਲਛਮੀ ਏ, ਧਰਤੀ ਮਾਤਾ ਏ! ਉਸ ਨੂੰ ਦੁਖ ਨਾ ਦੇ। ਹਾਇ ਹਾਇ! ਮੈਨੂੰ ਕੋਈ ਪਤਾ ਸੀ, ਮੈਂ ਵਿਧਵਾ ਬਣਾਂਗੀ? ਮਯ ਮੇਰਾ ਪਿਤਾ, ਇੰਦ੍ਰ ਤੇ ਵੀ ਭਾਰੂ, ਰਾਵਣ ਮੇਰਾ ਪਤੀ, ਮੇਘਨਾਥ ਮੇਰਾ ਪੁਤਰ—ਇਹ ਸੋਚ ਕੇ ਮੈਂ ਆਪੇ ਵਿਚ ਨਹੀਂ ਮੇਂਵਦੀ ਸੀ। ਸਾਈਆਂ ਇਹ ਸੱਚ ਏ ਕਿ ਸੁਫਨਾ? ਤੂੰ ਮੌਤ ਦੀ ਮੌਤ ਸੈਂ। ਰਾਮ ਦੇ ਹੱਥੋਂ ਕਿੰਞ ਮਾਰਿਆ ਗਿਆ? ਦੇਵਤਿਆਂ ਦਾਨਵਾਂ ਦੇ ਮਾਰਨ ਵਾਲੇ ਤਿੰਨਾਂ ਲੋਕਾਂ ਦੇ ਜਿੱਤਣ ਵਾਲੇ, ਪਤੀ ਦਾ ਮਰਨਾ ਰਾਮ ਹੱਥੋ ਦੇਖ ਕੇ ਵੀ ਮੈਂ ਜੀਨੀਆਂ ਮੇਰਾ ਕੇਹਾ ਪੱਥਰ ਦਿਲ ਏ? ਮਹਾਰਾਜ! ਪਲੰਘਾਂ ਸੁਨਹਿਰੀਆਂ ਤੇ ਸੌਂਦੇ ਸਓ? ਭੁੰਜੇ ਧੂੜ ਵਿਚ ਕਿਉਂ ਲੇਟ ਰਹੇ ਓ? ਜਿਥੇ ਗਏ ਹੋ ਮੈਨੂੰ ਵੀ ਲੈ ਚੱਲੋ। ਦੇਖੋ, ਮੈਂ ਇਥੋਂ ਤੱਕ ਪੈਰਾਂ ਤੇ ਟੁਰ ਕੇ ਆ ਗਈ ਆਂ। ਤੁਸੀਂ ਗੁੱਸੇ ਕਿਉਂ ਨਹੀਂ ਹੁੰਦੇ? ਮੈਂ ਰੋ ਰਹੀ ਆਂ, ਮੈਨੂੰ ਚੁੱਪ ਕਿਉਂ ਨਹੀਂ ਕਰਾਂਦੇ? ਹਾਇ ਹਾਇ ਧਿਰਕਾਰ ਏ ਮੈਨੂੰ ਜਿਹਦਾ ਸਤ ਸੁਤਿਆਂ ਹੀ ਸੌਂ ਗਏ ਸਾਈਂ ਨੂੰ ਜਗਾ ਨਹੀਂ ਰਿਹਾ।

ਇੰਜ ਮੰਦੋਦਰੀ ਤੇ ਹੋਰਾਂ ਦੇ ਵਿਰਲਾਪ ਸੁਣਕੇ ਰਾਮ ਚੰਦਰ ਜੀ ਨੇ ਵਿਭੀਖਣ ਨੂੰ ਕਿਹਾ—ਇਨ੍ਹਾਂ ਨੂੰ ਧੀਰਜ ਦਿਓ ਤੇ ਸੰਸਕਾਰ ਦਾ ਆਹਰ ਕਰੋ। ਵਿਭੀਖਣ ਨੇ ਉਨ੍ਹਾਂ



Sri Satguru Jagjit Singh Ji Elibrary NamdhariElibrary@gmail.com

ਸਿਆਪਾ ਮੇਲ ਕੇ ਬੈਠੀਆਂ ਨੂੰ ਧਰਵਾਸ ਦਿੱਤਾ ਤੇ ਲੰਕਾ ਵਿਚ ਰਾਵਣ ਦੀ ਲਾਸ਼ ਲੈ ਜਾ ਕੇ ਉਸ ਦਾ ਵਿਧ ਨਾਲ ਸੰਸਕਾਰ ਕੀਤਾ। ਉਨ੍ਹਾਂ ਨੂੰ ਫੇਰ ਸ਼ਾਂਤੀ ਦੇ ਕੇ ਵਿਭੀਖਣ ਸੁਗ੍ਰੀਵ ਦੀ ਛਾਵਣੀ ਵਿਚ ਆ ਗਿਆ। ਵੈਰੀ ਮੁਕਾ ਕੇ ਧਨੁਸ਼ ਤੇ ਭੱਥਾ ਲਾਹ ਕੇ ਰਾਮ ਜੀ ਅੱਗੇ ਬੈਠੇ ਉਸ ਨੂੰ ਉਡੀਕ ਰਹੇ ਸਨ।

**(ਸੀਤਾ ਜੀ ਰਾਣੀਆਂ ਦੀ ਸ਼ਾਨ ਵਿਚ ਰਾਮ ਜੀ ਕੋਲ ਲਿਆਂਦੀ ਗਈ। ਲੋਕਾਂ ਦੀ ਨਿੰਦਿਆ ਤੋਂ ਡਰਦੇ ਰਾਮ ਨੇ ਚਿਤਾ ਵਿਚ ਉਹਦੇ ਸਤ ਦੀ ਪਰਖ ਕਰਾਈ)**

ਰਾਮ ਜੀ ਬੋਲੇ—ਲਛਮਣ, ਵਿਭੀਖਣ ਜੀ ਸਾਡੇ ਪਹਿਲੀ ਥਾਂ ਦੇ ਮਿੱਤਰ ਨੇ। ਇਹ ਨਾ ਹੁੰਦੇ ਤਾਂ ਸਾਡੀ ਜਿੱਤ ਨਾ ਹੁੰਦੀ। ਰਾਵਣ ਮਰ ਗਿਆ। ਰਾਜ ਉਹਦੇ ਛੋਟੇ ਭਰਾ ਦਾ ਏ। ਤੇ ਭਰਾ ਵੀ ਏਡਾ ਧਰਮੀ। ਸੋ ਇਨ੍ਹਾਂ ਦੇ ਤਿਲਕ ਦਾ ਪਰਬੰਧ ਕਰੋ। ਲਛਮਣ ਜੀ ਨੇ ਸੋਨੇ ਦੇ ਘੜੇ ਵਿਚ ਬਾਂਦਰ ਬਹਾਦਰਾਂ ਕੋਲੋਂ ਸਮੁੰਦਰ ਦਾ ਜਲ ਮੰਗਵਾਇਆ ਤੇ ਲੰਕਾ ਦੇ ਸਿੰਘਾਸਨ ਤੇ ਬਿਠਾ ਕੇ ਵਿਭੀਖਣ ਨੂੰ ਸ਼ਾਸਤਰ ਦੀ ਪੂਰੀ ਵਿਧ ਨਾਲ ਟਿੱਕਾ ਲਾਇਆ। ਇਸ ਰੀਤ ਵਿਚ ਬਾਂਦਰ ਰਿੱਛ ਰਾਖਸ਼ਸ ਸਭ ਮਿਲ ਕੇ ਬੈਠੇ ਸਨ ਤੇ ਇਕ ਦੂਜੇ ਨੂੰ ਵਧਾਈਆਂ ਦੇ ਰਹੇ ਸਨ। ਲੰਕਾ ਦੇ ਫੱਟਾਂ ਤੇ ਮਰਹਮ ਲਾ ਕੇ ਰਾਮ ਜੀ ਨੇ ਹਨੂਮਾਨ ਨੂੰ ਕਿਹਾ—ਸੀਤਾ ਜੀ ਨੂੰ ਸੁਖ ਸਾਂਦ ਦੇ ਕੇ ਰਾਵਣ ਦੀ ਮੌਤ ਦਾ ਸੁਨੇਹਾ ਦੇ ਆ। ਹਨੂੰਮਾਨ ਜੀ ਲੰਕਾ ਵਿਚ ਗਏ। ਉਥੇ ਉਨ੍ਹਾਂ ਦੀ ਬੜੀ ਆਓ ਭਗਤ ਹੋਈ ਤੇ ਉਹ ਮਹਾਰਾਜ ਵਿਭੀਖਣ ਤੋਂ ਪੁੱਛ ਕੇ ਅਸ਼ੋਕ ਬਣ ਵਿਚ ਗਏ।

ਹਨੂਮਾਨ ਜੀ ਸੀਤਾ ਜੀ ਕੋਲ ਜਾ ਕੇ ਬੜੇ ਝੁਕ ਕੇ ਬੋਲੇ—ਮਾਤਾ, ਰਾਮ ਜੀ, ਲਛਮਣ ਜੀ ਉਨ੍ਹਾਂ ਦੇ ਸਾਥੀ ਸੁਖੀ ਨੇ। ਵਿਭੀਖਣ ਜੀ ਦੀ ਸਹਾਇਤਾ ਨਾਲ ਰਾਵਣ ਮਾਰਿਆ ਗਿਆ। ਇਹ ਆਪ ਦਾ ਹੀ ਪਰਤਾਪ ਏ ਜੋ ਰਾਮ ਜੀ ਸਮੁੰਦਰ ਨੂੰ ਬੰਨ੍ਹ ਸਕੇ ਤੇ ਰਾਵਣ ਨੂੰ ਮਾਰ ਸਕੇ। ਹੁਣ ਆਪ ਰਾਵਣ ਦੀ ਕੈਦ ਵਿਚ ਨਹੀਂ, ਵਿਭੀਖਣ ਦੇ ਘਰ ਪਰਾਹੁਣੇ ਹੋ। ਨਹੀਂ ਨਹੀਂ, ਆਪਣੇ ਹੀ ਘਰ ਵਿਚ ਹੋ। ਹੁਣ ਆਗਿਆ ਕਰੋ। ਸੀਤਾ ਜੀ ਖੁਸ਼ੀ ਦੇ ਹੜ੍ਹ ਵਿਚ ਪਈ ਕੁਝ ਚਿਰ ਚੁੱਪ ਰਹਿ ਕੇ ਅਥਰੂ ਕੇਰਦੀ ਬੋਲੀ—ਹਨੂਮਾਨ, ਮੈਂ ਇਸ ਵੇਲੇ ਬੋਲ ਨਹੀਂ ਸਕਦੀ। ਖੰਭ ਹੋਣ ਤਾਂ ਰਾਮ ਜੀ ਕੋਲ ਉਡ ਜਾਵਾਂ! ਦੇਵੀ, ਅਜੇ ਪੁੰਨਿਆਂ ਦੇ ਦੋਹਾਂ ਚੰਨਾਂ ਦੇ ਦਰਸ਼ਨ ਹੋਣਗੇ—ਇਹ ਕਹਿ ਕੇ ਹਨੂਮਾਨ ਜੀ ਹੱਥ ਜੋੜ ਆਗਿਆ ਲੈ ਰਾਮ ਜੀ ਵਲ ਟੁਰ ਪਏ।

ਹਨੂਮਾਨ ਜੀ ਦੇ ਮੂੰਹੋਂ ਸੀਤਾ ਜੀ ਦੀਆਂ ਖੁਸ਼ੀਆਂ ਤੇ ਤੜਪਾਂ ਦਾ ਹਾਲ ਸੁਣ ਕੇ ਰਾਮ ਜੀ ਦੀਆਂ ਅੱਖਾਂ ਵਿਚ ਅਥਰੂ ਆ ਗਏ ਤੇ ਲੰਮਾ ਸਾਹ ਲੈ ਕੇ ਕੋਲ ਆਏ ਵਿਭੀਖਣ ਨੂੰ ਆਖਿਆ—ਰਾਖਸ਼ਸਾਂ ਦੇ ਮਹਾਰਾਜ, ਸਭ ਤੋਂ ਪਹਿਲਾਂ ਇਹੋ ਕੰਮ ਏ! ਸੀਤਾ ਜੀ ਨੂੰ ਇਥੇ ਲੈ ਆਓ। ਸੀਤਾ ਜੀ ਦੀ ਸਵਾਰੀ ਰਾਜ ਭਵਨ ਵਿਚ ਆਈ। ਉਨ੍ਹਾਂ ਨੂੰ ਰਾਣੀਆਂ ਵਾਂਗ ਨੁਹਾਇਆ ਧੁਵਾਇਆ ਗਿਆ, ਤਿੰਨਾਂ ਲੋਕਾਂ ਦੇ ਚੋਣਵੇਂ ਕੱਪੜੇ ਗਹਿਣੇ ਪਵਾਏ ਗਏ ਤੇ ਸੋਨੇ ਦੇ ਰਥ ਤੇ ਬੜੀ ਧੂਮਧਾਮ ਨਾਲ ਰਾਮ ਜੀ ਦੇ ਡੇਰੇ ਲੇ ਆਂਦਾ। ਇਕ ਪਾਸੇ ਰਾਖਸ਼ਸਾਂ ਦੇ ਜੈਕਾਰੇ ਹੋ ਰਹੇ ਸਨ, ਦੂਜੇ ਪਾਸੇ ਸੁਗ੍ਰੀਵ ਦੀ ਸੈਨਾ ਦੇ ਜੈਕਾਰਿਆਂ ਨਾਲ ਅਕਾਸ਼ ਦੇ ਕੜ ਪਾਟਣ ਲੱਗੇ। ਖੁਸ਼ੀਆਂ ਦਾ ਸਾਗਰ ਅਸਮਾਨੀ ਝੂਲੇ ਝੂਲਣ ਲੱਗ ਪਿਆ। ਸੀਤਾ ਦੇ ਦਰਸ਼ਨ ਸਾਰੀ ਸੈਨਾ ਨੂੰ ਹੋਏ। ਚੰਨ ਮਾਤ ਪਏ, ਸੂਰਜ ਮਾਤ ਪਏ, ਘਾਲਾਂ ਫਲੀਆਂ, ਉਡੀਕਾਂ ਪੁੱਗੀਆਂ। ਜਗ ਦੀ ਮਾਤਾ ਦੇ ਦਰਸ਼ਨਾਂ ਨਾਲ ਮੋਏ ਜੀ ਪਏ, ਜੀਉਂਦੇ ਮੁਕਤੇ ਹੋ ਗਏ। ਸੀਤਾ ਜੀ ਦੇ ਪੈਰਾਂ ਵਿਚ ਲਛਮਣ ਜੀ ਸਨ। ਰਾਮ ਜੀ ਦੇ ਪੈਰਾਂ ਵਿਚ ਸੀਤਾ ਜੀ ਸਨ। ਜਾਂ ਉਹ ਸਨ ਜਾਂ ਅੱਥਰੂਆਂ ਦੇ ਹੜ੍ਹ ਸਨ!

ਹੁਣ ਰਾਮ ਜੀ ਬੋਲੇ—ਜਾਨਕੀ, ਵੈਰੀ ਦਾ ਮੂਲ ਨਾਸ਼ ਕਰ ਕੇ ਮੈਂ ਉਹਦੇ ਪੰਜੇ ਚੋਂ ਤੈਨੂੰ ਛੁੜਾ ਲਿਆ। ਹਿੰਮਤ ਨਾਲ ਜੋ ਕੁਝ ਹੋ ਸਕਦਾ ਏ ਮੈਂ ਕਰ ਦੱਸਿਆ। ਮੇਰਾ ਪ੍ਰਣ ਪੂਰਾ ਹੋ ਗਿਆ। ਮੈਨੂੰ ਉਜ ਲੱਗੀ ਸੀ ਕਿ ਪਤਨੀ ਚੋਰੀ ਕਰਾ ਬੈਠਾ। ਸੋ ਧੋਤੀ ਗਈ। ਹਨੂਮਾਨ ਦਾ ਸਮੁੰਦਰ ਟੱਪਣਾ ਦੇ ਲੰਕਾ ਸਾੜਨਾ ਸਫਲਾ ਹੋਇਆ। ਸੁਗ੍ਰੀਵ ਨੇ ਬਾਂਹ ਦਿੱਤੀ ਤੇ ਤੋੜ ਨਿਭਾਈ। ਵਿਭੀਖਣ ਨੇ ਧੜੇ ਤੋਂ ਧਰਮ ਪਿਆਰਾ ਕੀਤਾ। ਉਹਦਾ ਜਤਨ ਫਲਿਆ।

ਸੀਤਾ ਜੀ ਰਾਮ ਨੂੰ ਤੇ ਰਾਮ ਜੀ ਸੀਤਾ ਨੂੰ ਅੱਥਰੂ ਟਮਕਾਂਦੀਆਂ ਅੱਖਾਂ ਨਾਲ ਦੇਖ ਰਹੇ ਸਨ। ਪਰ—ਰਾਮ ਜੀ ਸੰਸਾਰ ਵਿਚ ਇਕੋ ਚੀਜ਼ ਤੋਂ ਡਰਦੇ ਸਨ ਉਹ ਸੀ ਅਪਜੱਸ।

ਮਨ ਨੂੰ ਜੰਦਰਾ ਮਾਰ ਕੇ ਭੋਲੀ ਭਾਲੀ ਜਗਮਾਤਾ ਨੂੰ ਰਾਮ ਜੀ ਸਭ ਦੇ ਸਾਹਮਣੇ ਕਹਿਣ ਲੱਗੇ—ਸੀਤਾ ਮੈਂ ਹੀ ਸਭ ਕੁਝ ਕੀਤਾ ਏ, ਕਲੰਕ ਧੋਣ ਲਈ ਕੁਲ ਦਾ ਨਾਂ ਬਚਾਣ ਲਈ। ਮੈਂ ਜਾਣਨਾ ਤੂੰ ਸੁੱਚਮ ਦਾ ਸੋਤਾ ਏਂ ਜਤ ਸਤ ਦੀ



Sri Satguru Jagjit Singh Ji Elibrary NamdhariElibrary@gmail.com

ਹੱਦ ਏ, ਅਰੁੰਧਤੀ ਰੋਹਨੀ ਤੇ ਸਾਵਿਤ੍ਰੀ ਤੋਂ ਵੀ ਸਿਰ ਕੱਢਵੀਂ ਏਂ। ਪਰ ਰਾਮ ਨਿਰਾ ਰਾਮ ਨਹੀਂ, ਪਰਜਾ ਦਾ ਰਾਜਾ ਏ। ਸੀਤਾ ਜਨੀ ਖਣੀ ਨਹੀਂ, ਦੇਸਾਂ ਦੀ ਰਾਣੀ ਏ। ਸਾਰੇ ਲੋਕ ਸਦਾਚਾਰੀ ਨਹੀਂ, ਵਿਦਵਾਨ ਨਹੀਂ, ਖਰੀ ਬੁੱਧੀ ਵਾਲੇ ਨਹੀਂ। ਅੱਜ ਜਸ ਕਰਨ, ਕਲ੍ਹ ਨਿੰਦਿਆ ਕਰਨ। ਸਾਹਮਣੇ ਕੁਝ ਆਖਣ, ਪਿੱਛੋਂ ਕੁਝ ਆਖਣ। ਰਾਵਣ ਨੇ ਚੁਰਾਇਆ ਵੀ, ਉਹਦੇ ਘਰ ਐਨਾ ਚਿਰ ਰਹੀ ਵੀ। ਪ੍ਰਾਣਾਂ ਥੋਂ ਪਿਆਰੀ, ਤੂੰ ਸਮਝ ਰਹੀ ਏਂ, ਮੈਂ ਕੀ ਸੋਚ ਰਿਹਾ ਹਾਂ? ਸਾਡਾ ਸੈਂਕੜਿਆਂ ਕੋਹਾਂ ਦਾ ਪੰਧ ਏ, ਨਿੰਦਿਆ ਜਿੰਨਾ ਲੰਮਾ ਪੈਂਡਾ ਕਰਦੀ ਏ ਓਨੀ ਵਧਦੀ ਜਾਂਦੀ ਏ।

ਸੀਤਾ ਚੁੱਪ! ਉਹਦੇ ਉਤੇ ਨਿੰਬਲੋਂ ਬਿਜਲੀ ਡਿੱਗੀ। ਪਤਾ ਨਹੀਂ ਉਹਦੇ ਜੀ ਵਿਚ ਕੀ ਕੀ ਹੋ ਰਿਹਾ ਸੀ। ਵਰਿਆਮਾਂ ਦੇ ਵਰਿਆਮ ਰਾਮ ਜਿਨ੍ਹਾਂ ਧਨੁਸ਼ ਤੋੜਿਆ ਤੇ ਪਾਪੀ ਮਾਰਿਆ। ਬ੍ਰਹਮਚਾਰੀਆਂ ਦੇ ਬ੍ਰਹਮਚਾਰੀ ਰਾਮ ਜਿਨ੍ਹਾਂ ਬਨਵਾਸ ਦੇ ਚੌਦਾਂ ਸਾਲਾਂ ਵਿਚ ਜਤ ਦੀਆਂ ਹੱਦਾਂ ਟੱਪੀਆਂ। ਪ੍ਰੇਮੀਆਂ ਦੇ ਪ੍ਰੇਮੀ ਰਾਮ ਜਿਨ੍ਹਾਂ ਮੈਨੂੰ ਛੋਟੇ ਤੋਂ ਛੋਟਾ ਸੁਖ ਦੇਣ ਲਈ ਦੁਖ ਝੱਲਣ ਵਿਚ ਵੱਡਾ ਸੁਖ ਜਾਤਾ। ਉਹ ਰਾਮ ਜਿਹੜੇ ਬਨਾਂ ਵਿਚ ਮੇਰੇ ਲਈ ਰੋਂਦੇ ਰੁਲਦੇ ਫਿਰੇ, ਸਮੁੰਦਰ ਬੰਨ੍ਹਿਆ, ਰਾਖਸ਼ਸਾਂ ਦਾ ਬੰਸ ਮਿੱਟੀ ਵਿਚ ਮਿਲਾ ਦਿੱਤਾ! ਉਹ ਰਾਮ ਇੰਨੇ ਜ਼ੱਫਰ ਜਾਲ ਕੇ, ਇੰਨੀਆਂ ਤਾਂਘਾਂ ਕਰਦੇ, ਇੰਨੇ ਆਦਰ ਨਾਲ ਸੱਦ ਕੇ ਇਕ ਪਲ ਵਿਚ ਇੰਜ ਅੱਖਾਂ ਫੇਰਦਾ ਏ! ਇੰਜ ਛੱਡਣ ਨੂੰ ਤਿਆਰ ਦਿੱਸਦਾ ਏ। ਮੈਨੂੰ ਅਰੁੰਧਤੀ, ਰੋਹਿਣੀ ਤੇ ਸਾਵਿਤ੍ਰੀ ਨਾਲ ਮਿਲਾ ਕੇ ਨਿਮਾਣੀ ਵੇਲ ਵਾਂਗ ਜੜ੍ਹਾਂ ਤੋਂ ਪੁੱਟ ਕੇ ਰੱਖਣਾ ਚਾਹੁੰਦਾ ਏ।

ਸੀਤਾ ਜੀ ਨੇ ਪਰ੍ਹਾਂ ਹੋ ਕੇ ਰਾਮ ਜੀ ਵੱਲ ਤੱਕਿਆ। ਉਹ ਨੀਵਾਂ ਧਿਆਨ ਪਾਈ ਖੜੇ ਸਨ। ਲਛਮਣ ਜੀ ਵੱਲ ਮੂੰਹ ਕਰਕੇ ਬੋਲੀ—ਲਛਮਣ, ਚਿਤਾ ਤਿਆਰ ਕਰੋ। ਮੈਂ ਜੀਣਾ ਨਹੀਂ ਚਾਹੁੰਦੀ। ਲਛਮਣ ਜੀ ਨੇ ਰਾਮ ਜੀ ਵੱਲ ਤੱਕਿਆ। ਰਾਮ ਜੀ ਦੀ ਹਾਂ ਦੀ ਸੈਨਤ ਸਮਝ ਕੇ ਲਛਮਣ ਜੀ ਬੁੱਤ ਬਣ ਗਏ। ਕੋਲ ਬੈਠੇ ਖਲੋਤੇ ਸਭ ਇਹ ਕੁਝ ਦੇਖ ਰਹੇ ਸਨ, ਸੁਣ ਰਹੇ ਸਨ। ਸੋਚ ਰਹੇ ਸਨ। ਰਾਮ ਜੀ ਦੀਆਂ ਅੱਖਾਂ ਵਿਚ ਜਮਰਾਜ ਸੀ। ਮੱਥੇ ਤੇ ਸੌ ਸੌ ਤਿਊੜੀ ਸੀ। ਕਿਸੇ ਦਾ ਹੀਆ ਨਹੀਂ ਪੈਂਦਾ, ਗਲ ਕੱਟਾਂ ਜਾਂ ਸਲਾਹ ਦਿਆਂ ਸਭ ਠਠੰਬਰੇ ਹੋਏ ਸਨ। ਉਨ੍ਹਾਂ ਵੱਲ ਉਸ ਵੇਲੇ ਤੱਕ ਵੀ ਜਾ ਨਹੀਂ ਸੀ ਸਕਦਾ। ਨੀਵੇਂ ਧਿਆਨ ਮਿੱਟੀ ਘੱਟੇ ਦੇ ਕਣ ਗਿਣ ਰਹੇ ਸਨ।

ਸੀਤਾ ਜੀ ਨੇ ਰਾਮ ਜੀ ਦੀ ਪ੍ਰਦੇਖਣਾ ਕੀਤੀ ਤੇ ਭੜਕਦੀ ਚਿਤਾ ਵੱਲ ਵਧੀ ਤੇ ਹੱਥ ਜੋੜ ਕੇ ਬੋਲੀ—ਜੇ ਮੇਰਾ ਮਨ ਕਦੀ ਇਕ ਛਿਨ ਲਈ ਵੀ ਰਘੁਨਾਥ ਜੀ ਤੋਂ ਦੂਰ ਹੋਇਆ ਹੋਵੇ ਤਾਂ ਸਾਰਿਆਂ ਦੇ ਜੀ ਦੀ ਜਾਣਨ ਵਾਲੇ ਅਗਨ ਦੇਵਤਾ ਮੇਰੀ ਰਕਸ਼ਾ ਕਰਨਾ। ਜੇ ਮੈਂ ਸਭਨੀ ਦਾਈਂ ਸੁੱਚੀ ਹਾਂ ਤਾਂ ਜਗਤਾਂ ਦੇ ਸਾਖੀ ਅਗਨ ਦੇਵਤਾ ਮੈਨੂੰ ਸੇਕ ਨਾ ਦੇਣਾ।

ਅਗਨੀ ਦੇਵਤਾ ਦੀ ਪ੍ਰਦੱਖਣਾ ਕਰਕੇ ਸੀਤਾ ਜੀ ਧੱਕ ਧੱਕ ਕਰਦੀਆਂ ਲਾਟਾਂ ਵਿਚ ਜਾ ਬੈਠੇ। ਨਿੱਕੇ, ਵੱਡੇ, ਤੀਵੀਂ, ਮਰਦ, ਸਭ ਨੇ ਇਹ ਝਾਕੀ ਦੇਖੀ। ਹਵਨ ਕੁੰਡ ਵਿਚ ਪੈਂਦੀ ਆਹੂਤੀ ਵਾਂਗ ਸੀਤਾ ਜੀ ਨੂੰ ਦੇਖ ਕੇ 'ਹੂ ਹਾ' ਹੋਣ ਲੱਗੀ, ਤਿੰਨਾਂ ਲੋਕਾਂ ਦੇ ਜੀਆਂ, ਦੇਵਤਿਆਂ, ਪਿਤਰਾਂ, ਰਿਸ਼ੀਆਂ, ਮੁਨੀਆਂ ਨੇ ਪੱਟਾਂ, ਛਾਤੀਆਂ ਤੇ ਦੋਹੱਥੜਾਂ ਮਾਰ ਮਾਰ ਇਹ ਅਨਹੋਣੀ ਹੁੰਦੀ ਦੇਖੀ! ਇਕ ਰਾਮ ਪੱਥਰ ਦੀ ਮੂਰਤ ਬਣ ਕੇ ਖਲੋਤੇ ਸਨ। ਇੰਨੇ ਵਿਚ ਅਗਨੀ ਦੇਵਤਾ ਚਿਤਾ ਵਿਚੋਂ ਸੀਤਾ ਜੀ ਨੂੰ ਗੋਦ ਵਿਚ ਲੈ ਕੇ ਪਰਗਟ ਹੋਏ। ਸੀਤਾ ਜੀ ਸਿਖਰ ਦੁਪਹਿਰ ਦੇ ਸੂਰਜ ਵਾਂਗ ਡਲ੍ਹਕਦੀ ਹੋਈ ਲਾਲ ਕਪੜਿਆਂ ਦੇ ਤਪੇ ਹੋਏ ਸੋਨੇ ਦੇ ਗਹਿਣਿਆਂ ਠਾਲ ਫੱਬ ਰਹੀ ਸੀ। ਘੁੰਗਰਾਲੀਆਂ ਲਿਟਾਂ, ਕਦੀ ਨਾ ਕੁਮਲਾਣ ਵਾਲੇ ਫੁੱਲਾਂ ਦੀ ਮਾਲਾ ਗਲ ਵਿਚ ਖਿੜੀ ਹੋਈ। ਰਾਮ ਜੀ ਨੂੰ ਉਨ੍ਹਾਂ ਦੀ ਜਾਨਕੀ ਸੌਂਪ ਦੇ ਅਗਨੀ ਦੇਵਤਾ ਸਿੰਘ ਵਾਂਗ ਭੁੱਬਾਂ ਮਾਰਦਾ ਬੋਲਿਆ—ਸੁਣੋ ਭਈ ਤਿੰਨਾਂ ਲੋਕਾਂ ਦਿਓ ਵਾਸੀਓ! ਸੀਤਾ ਸਤੀਆਂ ਦੀ ਸਰਦਾਰ ਏ। ਇਹਦੇ ਨਾਲ ਲੱਗ ਕੇ ਮੈਂ ਵੀ ਸੁੱਚਾ ਹੋ ਗਿਆਂ! ਇਸ ਨੇ ਮਨ, ਵਚਨ ਤੇ ਅੱਖਾਂ ਨਾਲ ਜਾਣ ਕੇ ਜਾਂ ਜਾਣੇ ਬਾਝ, ਰਾਮ ਨੂੰ ਛੱਡ ਕੇ ਕਿਸੇ ਨੂੰ ਜਾਣਿਆ ਹੀ ਨਹੀਂ। ਰਾਮ ਇਸ ਸੁਚੇ ਮੋਤੀ ਨੂੰ ਆਪਣੇ ਦਿਲ ਦੀ ਡੱਬੀ ਵਿਚ ਰੱਖ ਲੈ। ਇਹਦਾ ਨਾਂ ਲਿਆ ਪਾਪ ਨੱਸ ਜਾਂਦੇ ਨੇ। ਸਮੁੰਦਰ ਦਾ ਬੱਝਣਾ ਤੇ ਰਾਖਸ਼ਸਾਂ ਦੇ ਬੰਸ ਦਾ ਨਾਸ ਇਸੇ ਦੇ ਸਤ ਦੀ ਮਾਇਆ ਏ। ਮੈਂ ਆਪਣੀ ਸਾਖੀ ਦੇਨਾ ਕਿ ਇਹ ਸਤੀਆਂ ਦਾ ਧਰੂਵ ਤਾਰਾ ਏ। ਇਸ ਨੂੰ ਆਪਣੀ ਬਣਾ।

ਰਾਮ ਦੀਆਂ ਅੱਖਾਂ ਵਿਚੋਂ ਗੰਗਾ ਫੁਟ ਪਈ। ਸੀਤਾ ਦੇ ਨੈਣ ਜਮਨਾ ਬਣ ਗਏ। ਲਛਮਣ ਨੇ ਸੁਰਸਤੀ ਟੋਰ ਦਿਤੀ ਵਿਭੀਖਣ, ਸੁਗਰੀਵ ਤੇ ਜਾਂਬਵੰਤ ਤੇ ਉਨ੍ਹਾਂ ਦੇ ਜੋਧਿਆਂ



Sri Satguru Jagjit Singh Ji Elibrary NamdhariElibrary@gmail.com

ਬਰਸਾਤੀ ਨਾਲੇ ਚਲਾ ਦਿਤੇ। ਇਸ ਪਰਯਾਗੀ ਮੇਲੇ ਤੇ ਅਕਾਸ਼ ਧਰਤੀ ਤੇ ਪਤਾਲ ਨੱਚੇ, ਜਤ ਸਤ ਤੇ ਤੱਤ ਦਾ ਸੰਗੀਤ ਛਿੜਿਆ, ਯਜੁਰ ਤੇ ਸਾਮ ਨੇ ਤਾਲ ਦਿਤਾ ਤੇ ਰਾਮ ਸੀਤਾ ਤੇ ਲਛਮਣ ਦੇ ਜੈਕਾਰੇ ਹੋਏ।

## (ਪੁਸ਼ਪਕ ਬਵਾਨ ਵਿਚ ਸਾਰਾ ਸਾਥ ਅਯੁੱਧਿਆ ਵਲ ਟੁਰ ਪਿਆ)

ਕੰਮ ਕੋਈ ਕਰਨਾ ਰਹਿੰਦਾ ਨਹੀਂ ਸੀ। ਪਰਾਹੁਣਾ-ਚਾਰੀਆਂ ਰਾਮ ਜੀ ਨੂੰ ਸੁੱਝਦੀਆਂ ਨਾ ਸਨ। ਜਟਾਧਾਰੀ ਭਰਤ ਕੂਕਾਂ ਮਾਰ ਰਿਹਾ ਸੀ। ਅਜੁਧਿਆ ਤੜਫ ਰਹੀ ਸੀ। ਵਿਭੀਖਣ ਦੇ ਤਰਲੇ ਲੈਂਦਿਆਂ, ਟੁਰਨ ਦੀਆਂ ਤਿਆਰੀਆਂ ਹੋ ਪਈਆਂ। ਰਾਮ ਜੀ ਨੇ ਆਪਣੇ ਪੰਜਵੇਂ ਭਰਾ ਤੋਂ ਪਿਆਰ ਨਾਲ, ਵਿਚਾਰ ਨਾਲ ਜਾਣ ਦੀ ਆਗਿਆ ਲੈ ਹੀ ਲਈ।

ਪੁਸ਼ਪਕ ਬਿਵਾਨ ਆ ਗਿਆ ਜਿਹੜਾ ਰਾਵਣ ਨੇ ਕੁਬੇਰ ਕੋਲੋਂ ਖੋਹਿਆ ਸੀ। ਉਹ ਬਿਵਾਨ ਸੂਰਜ ਵਾਂਗ ਚਮਕਦਾ ਸੀ। ਸੋਨੇ ਚਾਂਦੀ ਦਾ ਬਣਿਆ ਹੋਇਆ ਸੀ। ਬੈਠਣ ਦੀਆਂ ਥਾਵਾਂ ਲਾਲਾਂ ਮੋਤੀਆਂ ਨਾਲ ਜੜੀਆਂ ਹੋਈਆਂ ਸਨ। ਇਹਦੀ ਛੱਤ ਝੰਡੀਆਂ ਨਾਲ ਤੇ ਬਾਰੀਆਂ ਘੁੰਘਰੂਆਂ ਘੰਟੀਆਂ ਨਾਲ ਸੱਜੀਆਂ ਹੋਈਆਂ ਸਨ। ਅਸਮਾਨੀ ਪੀਂਘ ਦੀ ਇਹਦੀ ਸ਼ਾਨ ਸੀ ਤੇ ਮਨ ਵਾਂਗ ਇਸ ਦੀ ਤਿੱਖੀ ਚਾਲ ਸੀ। ਅਜੁਧਿਆ ਦੇ ਪੰਧ ਲਈ ਤਿਆਰ ਬਰ ਤਿਆਰ ਕੀਤਾ ਹੋਇਆ ਸੀ।

ਰਾਮ ਜੀ ਨੇ ਸੁਗ੍ਰੀਵ, ਅੰਗਦ, ਜਾਂਬਵੰਤ ਤੇ ਹਨੂਮਾਨ ਤੇ ਹੋਰ ਸੂਰਬੀਰਾਂ ਦਾ ਬਾਰ-ਬਾਰ ਧੰਨਵਾਦ ਕਰਕੇ ਕਿਹਾ— ਹੁਣ ਮੈਨੂੰ ਆਗਿਆ ਦਿਓ। ਘਰ ਖਿਚਾਂ ਪਾ ਰਿਹਾ ਏ। ਪਰ ਉਹ ਕਿਥੇ ਮੰਨਣ ਵਾਲੇ ਸਨ ? ਪੈਰੀਂ ਸਿਰ ਰੱਖ ਰੱਖ, ਹੱਥ ਜੋੜ ਜੋੜ, ਅੱਖਾਂ ਭਰ ਭਰ ਬੇਨਤੀਆਂ ਕਰਨ ਲਗੇ। ਅੰਤ ਇਹ ਗੱਲ ਪੱਕੀ ਹੋਈ ਕਿ ਰਾਜ ਤਿਲਕ ਦੇਖ ਕੇ ਤੇ ਮਾਤਾ ਕੌਸ਼ਲਿਆ ਤੇ ਸੁਮਿਤਰਾ ਨੂੰ ਮੱਥਾ ਟੇਕ ਕੇ ਅਸੀਂ ਆਪਣੇ ਆਪਣੇ ਘਰੀਂ ਆ ਜਾਵਾਂਗੇ। ਰਾਮ ਜੀ ਨੇ ਕਿਹਾ—ਇਸ ਤੋਂ ਵਧ ਹੋਰ ਕਿਹੜੀ ਚੰਗੀ ਗੱਲ ਏ ? ਇਕ ਵੀਰ ਲੈ ਕੇ ਆਇਆ ਸਾਂ ਕਈ ਵੀਰ ਲੈ ਕੇ ਚਲਿਆਂ।

ਵਿਭੀਖਣ, ਸੁਗਰੀਵ, ਹਨੂਮਾਨ, ਜਾਂਬਵੰਤ ਤੇ ਹੋਰਾਂ ਸਮੇਤ ਰਾਮ ਜੀ, ਲਛਮਣ ਜੀ ਤੇ ਸੀਤਾ ਜੀ ਪੁਸ਼ਪਕ ਬਿਵਾਨ ਵਿਚ ਬੈਠ ਗਏ ਉਹ ਹੰਸਾਂ ਵਾਲਾ ਬਿਵਾਨ ਦੋ ਚਾਰ ਟਪੋਸੀਆਂ ਮਾਰ ਕੇ ਘਰਘਰ ਕਰਦਾ ਅਕਾਸ਼ ਨੂੰ ਚੜ੍ਹ ਗਿਆ। ਰਾਮ ਜੀ ਨੇ ਸੀਤਾ ਜੀ ਦਾ ਧਿਆਨ ਫੇਰ ਕੇ ਕਿਹਾ ਜਾਨਕੀ ਇਹ ਦੇਖ ਲੰਕਾ ਤ੍ਰਿਕੂਟ ਤੇ ਵਿਸ਼ਵਕਰਮਾ ਦੀ ਬਣਾਈ ਹੋਈ ਹੈ ! ਸੋਨੇ ਦੀ ਹੋਣ ਕਰਕੇ ਸਾਰਾ ਦਿਨ ਪਹੁ-ਫੁਟੀ ਹੋਈ ਜਾਪਦੀ ਏ। ਇਹ ਦੇਖ ਜੁੱਧ ਦਾ ਮੈਦਾਨ ਇਥੇ ਹੀ ਰਾਵਣ ਮੇਰੇ ਹਥੋਂ ਮੋਇਆ ਤੇ ਹਜ਼ਾਰਾਂ ਸੌਂਕਣਾਂ ਸਮੇਤ ਇਥੇ ਹੀ ਮੰਦੋਦਰੀ ਨੇ ਸਿਆਪਾ ਮੇਲਿਆ। ਉਹ ਵੇਖ ਸੀਤਾ ਪਿਆਰੀ, ਸਮੁੰਦਰ ਦਾ ਕੰਢਾ। ਸਾਗਰ ਟੱਪ ਕੇ ਪਹਿਲੀ ਰਾਤ ਨੂੰ ਅਸਾਂ ਇਥੇ ਡੇਰਾ ਲਾਇਆ ਸੀ। ਤੇਰੇ ਲਈ ਹੀ ਸਮੁੰਦਰ ਉਤੇ ਨਲ ਕੋਲੋਂ ਅਸੀਂ ਪੁਲ ਬਣਵਾਇਆ ਸੀ। ਕਿੰਨਾ ਸੋਹਣਾ ਸਮੁੰਦਰ ਦਾ ਝਾਕਾ ਏ। ਲਹਿਰਾਂ ਪਹਾੜਾਂ ਵਾਂਗ ਉਠ ਕੇ ਇਕ ਦੂਜੀ ਨਾਲ ਟਕਰਾ ਖਾ ਰਹੀਆਂ ਹਨ। ਸਮੁੰਦਰ ਦਾ ਇਕ ਰੰਗ ਜਾਂਦਾ ਏ ਦੂਜਾ ਆਉਂਦਾ ਏ। ਮੱਛ, ਦਰਿਆਈ ਘੋੜੇ ਤੇ ਬਲਾਵਾਂ ਕਿਵੇਂ ਕਲੋਲਾਂ ਵਿਚ ਮਸਤ ਹਨ। ਜਿਵੇਂ ਕਿਰਨਾਂ ਦੇ ਬੁੱਕ ਦਿਸਦੇ ਨੇ ਤੇ ਲੁੱਕ ਜਾਂਦੇ ਹਨ। ਉਹ ਤੀਰਥ ਸੇਤੁਬੰਧ ਆ ਗਿਆ ਜਿਸ ਦੇ ਦਰਸ਼ਨ ਕੀਤਿਆਂ ਜੁੱਗਾਂ ਦੇ ਪਾਪ ਜਾਂਦੇ ਨੇ। ਇਥੇ ਹੀ ਸਾਨੂੰ ਲੰਕਾ ਦੇ ਮਹਾਰਾਜ ਵਿਭੀਖਣ ਆ ਕੇ ਮਿਲੇ ਸਨ। ਉਹ ਦੇਖ ਕਿਸ਼ਕਿੰਧਾ ਨਗਰੀ। ਇਹੀ ਸੁਗ੍ਰੀਵ ਦੀ ਰਾਜਧਾਨੀ ਏ। ਇਥੇ ਹੀ ਮੈਂ ਬਾਲੀ ਨੂੰ ਮਾਰ ਕੇ ਤੇਰੇ ਲਿਆਉਣ ਦਾ ਮੁੱਢ ਬੰਨ੍ਹਿਆਂ ਸੀ।

ਕਿਸ਼ਕਿੰਧਾ ਦਾ ਨਾਂਅ ਸੁਣਕੇ ਸੀਤਾ ਜੀ ਨੇ ਕਿਹਾ— ਮਹਾਰਾਜ ਮੈਂ ਤਾਰਾ ਰਾਣੀ ਤੇ ਹੋਰ ਵਡਿਆਂ ਸਰਦਾਰਾਂ ਦੀਆਂ ਤੀਵੀਆਂ ਨੂੰ ਅਜੁੱਧਿਆ ਲੈ ਜਾਣਾ ਚਾਹੁੰਦੀ ਹਾਂ। ਪੁਸ਼ਪਕ ਬਿਵਾਨ ਥੰਮ੍ਹ ਗਿਆ। ਤਾਰਾ ਰਾਣੀ, ਰੋਮਾ ਤੇ ਹੋਰ ਸੁਆਣੀਆਂ ਚਾਈਂ ਚਾਈਂ ਹਾਰ ਸ਼ਿੰਗਾਰ ਕਰਕੇ ਅਜੁੱਧਿਆ ਤੇ ਮਾਤਾ ਰਾਣੀਆਂ ਦੇ ਦਰਸ਼ਨਾਂ ਲਈ ਤਿਆਰ ਹੋ ਕੇ ਬਿਵਾਨ ਵਿਚ ਆ ਬੈਠੀਆਂ। ਬਿਵਾਨ ਉਨ੍ਹਾਂ ਨੂੰ ਲੈ ਕੇ ਉੱਡ ਪਿਆ। ਫੇਰ ਰਾਮ ਸੀਤਾ ਜੀ ਨੂੰ ਥਾਵਾਂ ਦਸਣ ਲਗੇ—ਸੀਤਾ, ਉਹ ਸੁਨਹਿਰੀ ਧਾਤਾਂ ਵਾਲਾ ਪਹਾੜ ਰਿਸ਼ਮੂਕ ਏ ਜਿਥੇ ਸੁਗ੍ਰੀਵ ਨਾਲ ਸਾਡਾ ਮੇਲ ਹੋਇਆ ਸੀ। ਉਹ ਸੋਹਣੇ ਬਣਾਂ ਵਾਲਾ ਪੰਪਾਸਰ ਏ ਜਿਥੇ ਸਾਨੂੰ ਧਰਮਨ ਭੀਲਣੀ ਮਿਲੀ ਸੀ। ਸੀਤਾਂ ਉਹ ਏ ਜਨ ਸਥਾਨ ਦਾ ਵੱਡਾ ਬੂਟਾ ਜਿਥੇ ਅਸਾਂ ਕਬੰਧ ਮਾਰਿਆ ਸੀ ਤੇ ਰਾਵਣ ਨੇ ਗਿਰਝ ਜਟਾਊ ਦੀ ਹਤਿਆ ਕੀਤੀ ਸੀ। ਇਹ ਜਟਾਯੂ ਸਾਡੇ ਪਿਤਾ ਜੀ ਦਾ ਪੁਰਾਣਾ ਜਾਣੂ ਸੀ। ਤਾਂ ਤੇਰੇ ਮੂੰਹੋਂ ਰਾਮ ਲਛਮਣ ਦਾ ਨਾਉਂ ਸੁਣ ਕੇ ਰਾਵਣ ਦਾ ਰਾਹ ਰੋਕਦਾ ਸੀ। ਇਹ ਸਾਡੀ ਕੁਟੀਆ ਸੀ



Sri Satguru Jagjit Singh Ji Elibrary NamdhariElibrary@gmail.com

ਜਿਥੋਂ ਰਾਵਣ ਤੈਨੂੰ ਧੱਕੇ ਨਾਲ ਲੈ ਗਿਆ ਸੀ। ਇਹ ਲੀਰ ਜੇਹੀ ਜਾਪਦੀ ਗੋਦਾਵਰੀ ਦੇ ਜਿਹਦੇ ਕੰਢੇ ਤੇ ਕੇਲਿਆਂ ਵਾਲੀ ਅਗਸਤ ਰਿਸ਼ੀ ਦੀ ਕੁਟੀਆ ਏ। ਇਸੇ ਥਾਂ ਵਿਰਾਧ ਸਾਡੇ ਹਥੋਂ ਮਾਰਿਆ ਗਿਆ। ਉਹ ਪਰਬਤ ਚਿਤ੍ਰਕੂਟ ਏ ਜਿਥੇ ਸਾਨੂੰ ਅਨਸੂਇਆ ਜੀ ਦੇ ਦਰਸ਼ਨ ਹੋਏ ਤੇ ਜਿਥੇ ਭਰਤ ਸਾਨੂੰ ਮਨਾਉਣ ਆਇਆ ਸੀ। ਇਹ ਜਮਨਾ ਜੀ ਏ, ਉਹ ਭਾਰਦਵਾਜ ਮੁਨੀ ਦਾ ਆਸ਼ਰਮ ਏ। ਇਹ ਗੰਗਾ ਜੀ ਏ। ਇਹ ਸ਼ਿੰਗੇਰੀ ਏ ਮੇਰੇ ਮ੍ਰਿਤ ਗੁਹ ਦੀ। ਉਹ ਅਜੁਧਿਆ ਜੀ ਦਿੱਸ ਰਹੀ ਏ।

ਅਜੁੱਧਿਆ ਜੀ ਨੂੰ ਤਿੰਨਾਂ ਹੱਥ ਜੋੜੇ। ਨਾਲ ਹੀ ਪਤਵੰਤੇ ਸਾਥੀਆਂ ਦੇ ਹੱਥ ਜੁੜ ਗਏ। ਸਭਨਾਂ ਸਿਰ ਚੁੱਕ ਚੁੱਕ ਕੇ ਦਰਸ਼ਨ ਕੀਤੇ। ਬਿਵਾਨ ਭਰਦਵਾਜ ਜੀ ਦੀ ਕੁਟੀਆ ਕੋਲ ਉਤਰਿਆ ਤੇ ਰਾਮ ਜੀ ਨੇ ਮੁਨੀ ਨੂੰ ਜਾ ਮੱਥਾ ਟੇਕਿਆ। ਸੁੱਖ ਸਾਂਦ ਪੁੱਛਣ-ਦੱਸਣ ਪਿਛੋਂ ਰਾਮ ਜੀ ਬੋਲੇ-ਮਹਾਰਾਜ ਅਜੁੱਧਿਆ ਜੀ ਦਾ ਕੀ ਹਾਲ ਏ? ਉਥੇ ਸਭ ਕੁਝ ਠੀਕ ਏ ਨਾ? ਭਰਤ ਦਾ ਕੰਮ ਚੰਗੀ ਤਰ੍ਹਾਂ ਚਲ ਰਿਹਾ ਏ ਨਾ? ਮਾਵਾਂ ਰਾਜ਼ੀ ਬਾਜ਼ੀ ਨੇ ਨਾਂ? ਮੁਨੀ ਜੀ ਮੁਸਕਰਾ ਕੇ ਬੋਲੇ—ਭਰਤ ਨੇ ਜਟਾਂ ਰੱਖੀਆਂ ਹੋਈਆਂ ਨੇ ਤੇ ਤੇਰੀਆਂ ਖੜਾਵਾਂ ਅੱਗੇ ਰੱਖ ਰਾਜ ਕਰਦਾ ਏ ਤੇ ਤੁਹਾਡੀਆਂ ਉਡੀਕਾਂ ਵਿਚ ਏ। ਰਾਮ! ਤੁਹਾਨੂੰ ਉਸ ਰੰਗ ਵਿਚ ਘਰੋਂ ਜਾਂਦਿਆਂ ਦੇਖ ਕੇ ਮੈਨੂੰ ਬੜਾ ਦੁੱਖ ਹੋਇਆ ਸੀ। ਅਜ ਸੁੱਖੀ ਸਾਂਦੀ ਧਰਮ ਪਾਲ ਕੇ ਆਉਂਦਿਆਂ ਦੇਖ ਕੇ ਡਾਢਾ ਸੁੱਖ ਹੋਇਆ ਏ! ਇਥੋਂ ਜਾ ਕੇ ਜੋ ਜੋ ਤੁਹਾਡੇ ਤੇ ਬਣੀਆਂ ਨੇ ਮੈਨੂੰ ਤਪ ਦੇ ਬਲ ਕਰ ਕੇ ਸਭ ਦਾ ਗਿਆਨ ਹੁੰਦਾ ਰਿਹਾ ਏ। ਸੀਤਾ ਦਾ ਹਰਿਆ ਜਾਣਾ, ਸੁਗ੍ਰੀਵ ਨਾਲ ਮਿੱਤਰਚਾਰੀ, ਹਨੂਮਾਨ ਦਾ ਸਾਗਰ ਟੱਪਣਾ, ਪੁੱਲ ਬੱਝਣਾ, ਰਾਵਣ ਦਾ ਮਰਨਾ, ਸੀਤਾ ਦਾ ਲਿਆਉਣਾ— ਇਹ ਸਭ ਕੁਝ ਜਾਣਨਾ।

ਰਾਮ ਜੀ ਨੇ ਬਾਰ ਬਾਰ ਮੁਨੀ ਨੂੰ ਹੱਥ ਜੋੜ ਕੇ ਉਨ੍ਹਾਂ ਦੀ ਤਪੱਸਿਆ ਦੇ ਗੁਣ ਗਾਏ। ਹੁਣ ਰਾਮ ਜੀ ਨੇ ਮੁਨੀ ਤੋਂ ਇਹ ਵਰ ਮੰਗਿਆ ਕਿ ਅਜੁੱਧਿਆ ਤਕ ਦੇ ਰੁੱਖਾਂ, ਬੇਲਾਂ, ਝਾੜੀਆਂ ਨੂੰ ਰੁਤੋਂ ਬਾਝ ਵੀ ਫੁੱਲ, ਫੱਲ ਤੇ ਹਰੇ ਪੱਤਰ ਲੱਗ ਜਾਣ ਮੁਨੀ ਨੇ ਕਿਹਾ—ਇੰਜੇ ਹੋਵੇਗਾ! ਇੰਜੇ ਹੋ ਗਿਆ! ਬਾਂਦਰ ਰਿੱਛ ਮੌਜਾਂ ਮਾਣਨ ਤੇ ਗੱਫੇ ਲਾਣ ਲੱਗ ਪਏ। ਸਾਰਾ ਬਣ ਉਨ੍ਹਾਂ ਦੇ ਪਿਓ ਵਾਲਾ ਸੀ।

ਇਧਰ ਭਾਰਦਵਾਜ ਦੇ ਆਖਣ ਤੇ ਅਜੁੱਧਿਆ ਜੀ ਦੇ ਯਾਤਰੀ ਇਕ ਦਿਨ ਉਹਦੇ ਆਸ਼ਰਮ ਵਿਚ ਠਹਿਰ ਗਏ। ਉਧਰ ਰਾਮ ਜੀ ਨੇ ਹਨੂਮਾਨ ਜੀ ਨੂੰ ਭਰਤ ਵੱਲ ਘਲਿਆ। ਨਾਲੇ ਆਖਿਆ ਕਿ ਰਾਹ ਵਿਚ ਸਿੰਗੇਰੀ ਦੇ ਰਾਜਾ ਗੁਹ ਨੂੰ ਜੋ ਮੇਰਾ ਪਿਆਰਾ ਮਿੱਤਰ ਏ, ਦੱਸਦੇ ਜਾਣਾ ਕਿ ਅਸੀਂ ਆ ਗਏ ਹਾਂ।

## ਭਰਤ ਮਿਲਾਪ

ਗੰਗਾ ਜਮਨਾ ਦਾ ਸੰਗਮ ਪਾਰ ਕਰਕੇ ਹਨੂਮਾਨ ਜੀ ਸਿੰਗੇਰੀ ਪੁਜੇ। ਉਥੇ ਗੁਹ ਨੂੰ ਰਾਮ ਜੀ ਦਾ ਸੁਖ ਸਾਂਦ ਦੇ ਕੇ ਤੇ ਇਹ ਦਸ ਕੇ ਕਿ ਭਾਰਦਵਾਜ ਜੀ ਨੂੰ ਪੁੱਛ ਕੇ ਕਲ੍ਹ ਉਹ ਇਧਰੋਂ ਹੀ ਲੰਘਣਗੇ ਉਹ ਅਜੁੱਧਿਆ ਵਲ ਟੁਰ ਪਏ। ਨਦੀਆ, ਨਾਲਿਆਂ ਬਣਾਂ ਤੇ ਤੀਰਥਾਂ ਦੇ ਦਰਸ਼ਨ ਕਰਦੇ ਉਹ ਨੰਦੀ ਗਣ ਦੇ ਕੋਲ ਦੀ ਫੁੱਲੀ ਹੋਈ ਝੁੱਗੀ ਵਿਚ ਜਾ ਠਹਿਰੇ। ਰਾਮ ਜੀ ਦਾ ਦੂਤ ਆਇਆ ਸੁਣ ਕੇ ਭਰਤ ਜੀ ਖੁਸ਼ੀ ਨਾਲ ਫੁੱਲੇ ਹੋਏ ਨੱਸੇ ਆਏ। ਉਨ੍ਹਾਂ ਗੇਰੂਏ ਪਾਏ ਹੋਏ ਸਨ ਤੇ ਕਾਲੇ ਹਰਣ ਦੀ ਖੱਲ ਲਈ ਹੋਈ ਸੀ। ਪਤਲੇ ਪਤੰਗ ਹੋਏ-ਹੋਏ ਕੁਟੀਆ ਵਿਚ ਰਹਿੰਦੇ ਸਨ, ਜਟਾਂ ਲਮਕ ਰਹੀਆਂ ਸਨ। ਫਲ ਫੁੱਲ ਖਾਂਦੇ ਸਨ ਤੇ ਭਾਈ ਦੀਆਂ ਖੜਾਵਾਂ ਅਗੇ ਰਖ ਕੇ ਰਾਜ ਕਰਦੇ ਸਨ। ਧਰਮ ਦੀ ਮੂਰਤ ਭਰਤ ਜੀ ਨੂੰ ਹੱਥ ਜੋੜ ਕੇ ਹਨੂਮਾਨ ਜੀ ਕਿਹਾ—ਮਹਾਰਾਜ, ਜਿਨ੍ਹਾਂ ਲਈ ਆਪ ਤਪੱਸਿਆ ਦੇ ਰੂਪ ਬਣੇ ਹੋਏ ਹੋ ਉਹ ਰਘੁਨਾਥ ਜੀ, ਲਛਮਣ ਜੀ ਤੇ ਸੀਤਾ ਜੀ ਰਾਜ਼ੀ ਖੁਸ਼ੀ ਆ ਗਏ ਨੇ।

ਭਰਤ ਜੀ ਨੂੰ ਖੁਸ਼ੀ ਨਾਲ ਗਸ਼ ਆ ਗਈ। ਹੋਸ਼ ਆਈ ਤਾਂ ਅਥਰੂ ਕੇਰਦੇ ਉਨ੍ਹਾਂ ਹਨੂਮਾਨ ਜੀ ਨੂੰ ਛਾਤੀ ਨਾਲ ਲਾਇਆ ਤੇ ਬੋਲੇ—ਤੁਸੀਂ ਦੇਵਤੇ ਓ ਜਾਂ ਮਨੁੱਖ, ਜੋ ਮੈਨੂੰ ਬਹੁੜੇ ਓ? ਮੇਰੇ ਪ੍ਰਭੂ ਰਾਮ ਨੂੰ ਬੜੇ ਸਾਲ ਹੋ ਗਏ ਨੇ ਬਨਾਂ ਨੂੰ ਗਿਆਂ। ਅੱਜ ਦਿਨਾਂ ਦੀ ਗਿਣਤੀ ਪੂਰੀ ਹੋ ਗਈ ਏ। ਮੈਂ ਜੀਵਨ ਮੌਤ ਦੇ ਕੰਢੇ ਤੇ ਖਲੋਤਾਂ ਅਜ ਇਕ ਪਾਸੇ ਜਾ ਰਿਹਾ ਸੀ। ਉਨ੍ਹਾਂ ਦਾ ਆਪ ਦੇ ਮੂੰਹੋਂ ਨਾਂ ਸੁਣ ਕੇ ਜੀ ਪਿਆ। ਅਖਾਣ ਸੱਚਾ ਏ ਕਿ—ਜੀਉਂਦਿਆਂ ਮੇਲੇ ਹੋ ਹੀ ਪੈਂਦੇ ਨੇ ਪਰ ਉਹ ਕਿਥੇ ਨੇ ਤੇ ਕਦੋਂ ਆਉਂਦੇ ਨੇ ਤੇ ਬਾਂਦਰਾ ਨਾਲ ਕਿਵੇਂ ਮੇਲ ਹੋਇਆ? ਦੂਤ ਪਿਆਰੇ, ਛੇਤੀ ਦੱਸੋ ਮੇਰੇ ਪ੍ਰਾਣ ਨਿਕਲਦੇ ਜਾ ਰਹੇ ਨੇ। ਹਨੂਮਾਨ ਜੀ ਨੇ ਜਨ-ਸਥਾਨ, ਕਿਸ਼ਕਿੰਧਾ ਤੇ ਲੰਕਾਂ ਦੀ ਸਾਰੀ ਕਹਾਣੀ ਸੁਣਾ ਕੇ ਕਿਹਾ—ਅਜ ਉਹ ਭਾਰਦਵਾਜ ਜੀ ਦੇ ਪ੍ਰਾਹੁਣੇ ਨੇ। ਕਲ



Sri Satguru Jagjit Singh Ji Elibrary NamdhariElibrary@gmail.com

ਸਾਰੇ ਸਾਥ ਸਮੇਤ ਆਉਂਦੇ ਪਏ ਨੇ ।

ਸਵਾਗਤ ਦੀਆਂ ਤਿਆਰੀਆਂ ਦਬਾਦਬ ਹੋ ਪਈਆਂ । ਗਲੀਆਂ, ਬਜ਼ਾਰ, ਸੜਕਾਂ ਸਾਫ ਹੋ ਕੇ ਸੱਜੀਆਂ । ਘਰਾਂ, ਮੰਦਰਾਂ, ਹੱਟੀਆਂ ਵਿਚ ਸਫ਼ਾਈਆਂ ਸੁਫੈਦੀਆਂ ਹੋ ਗਈਆਂ । ਫੁਲਕਾਰੀਆਂ, ਮੂਰਤਾਂ, ਝੰਡੀਆਂ ਸੋਭਣ ਲੱਗ ਪਈਆਂ । ਵੇਦ ਮੰਤਰ ਗੂੰਜਣ ਲੱਗ ਪਏ, ਹਵਨਾਂ ਦੀਆਂ ਸੁਗੰਧਾਂ ਮਚ ਗਈਆਂ । ਆਉਣ ਵਾਲਿਆਂ ਦੀ ਉਡੀਕ ਵਿਚ ਅਜੁੱਧਿਆ ਦੇ ਵਾਸੀ ਚਾਨਣ ਵਾਂਗ ਖਿੜ ਰਹੇ ਸਨ ਤੇ ਉਨ੍ਹਾਂ ਦੇ ਸਾਰੇ ਇੰਦਰੇ ਅੱਖਾਂ ਬਣ ਰਹੇ ਸਨ ।

ਦੂਰੋਂ ਲੋਅ ਜੇਹੀ ਹੋਈ । ਧੁੱਪ ਮਾਤ ਪੈ ਗਈ । ਇਕ ਸੁਨਹਿਰੀ ਤਾਰਾ ਜਿਹਾ ਟੁਰਦਾ ਆਉਂਦਾ ਦਿਸਿਆ । ਪੈਰੋ ਪੈਰ ਵਧਦੀ ਹੋਈ ਗੂੰਜ ਆ ਰਹੀ ਸੀ । ਅਜੁੱਧਿਆ ਦੀਆ ਅੱਖਾਂ ਇਕ ਪਾਸੇ ਲੱਗ ਗਈਆਂ, 'ਕੰਨਾਂ ਨੇ ਕੁਝ ਹੋਰ ਸੁਣਨਾ ਬੰਦ ਕਰ ਦਿਤਾ । ਪੁਸ਼ਪਕ ਬਿਵਾਨ ਨਗਰੀ ਦੀਆਂ ਸੀਮਾ ਤੇ ਸੀ । ਹਨੂਮਾਨ ਜੀ ਬੋਲੇ ਜੈ ਰਾਮ ! ਜੈ ਲਛਮਣ !! ਜੈ ਸੀਤਾ !!! ਸਾਰੀ ਅਜੁੱਧਿਆ ਨਗਰੀ ਵਿਚ ਤੂਫ਼ਾਨ ਆ ਗਿਆ ਜੈ ਰਾਮ ! ਜੈ ਲਛਮਣ !! ਜੈ ਸੀਤਾ !!!

ਬਿਵਾਨ ਸਿਰਾਂ ਉਤੇ ਘੁੰਮਣ ਲੱਗਾ । ਦੂਜੇ ਪਲ ਵਿਚ ਥਲੇ ਉਤਰ ਆਇਆ । ਅੱਥਰੂਆਂ ਦੀ ਝੜੀ ਵਿਚ ਤੇ ਚਾਵਾਂ ਦੇ ਝੱਖੜ ਵਿਚ ਆ ਗਏ ! ਮਾਵਾਂ ਦੇ ਪੈਰਾਂ ਤੇ ਪਰਨਾਲੇ ਚਲ ਪਏ । ਰਾਮ ਦੀ ਗੋਦੀ ਵਿਚੋਂ ਅਥਰੂ ਚੋਣ ਲੱਗੇ, ਭਰਤ ਨੂੰ ਤਿੰਨਾਂ ਲੋਕਾਂ ਦਾ ਰਾਮ ਮਿਲਿਆ । ਰਾਮ ਨੂੰ ਸਤਜੁਗ ਦੀਆਂ ਦਾਤਾਂ ਮਿਲ ਗਈਆਂ । ਕੌਸ਼ਲਿਆ, ਕਕਈ, ਸੁਮਿੱਤ੍ਰਾ, ਰਾਮ, ਭਰਤ, ਲਛਮਣ, ਸ਼ਤਰੂਘਣ, ਸੀਤਾ, ਉਰਮਿਲਾ, ਮਾਡਵੀ, ਸ੍ਰੁਤਕੀਰਤੀ ਇਹ ਇੰਦਰਪੁਰੀ ਸੀ । ਇਹ ਬ੍ਰਹਮਲੋਕ ਸੀ ! ਇਹ ਕੀ ਸੀ ? ਇਹ ਕੀ ਨਹੀਂ ਸੀ ? ਹੁਣ ਰਾਮ ਜੀ ਨੇ ਵਾਰੀ ਵਾਰੀ ਸੁਗ੍ਰੀਵ, ਵਿਭੀਖਣ, ਹਨੂਮਾਨ, ਜਾਂਬਵੰਤ ਤੇ ਹੋਰ ਪਤਵੰਤਿਆਂ ਤੇ ਤਾਰਾ ਤੇ ਹੋਰ ਸੁਵਾਣੀਆਂ ਦਾ ਨਾਂਅ ਤੇ ਉਪਕਾਰ ਦਸ ਕੇ ਬੜੇ ਪਿਆਰ, ਉਮਾਹ ਤੇ ਆਦਰ ਨਾਲ ਉਨ੍ਹਾਂ ਨੂੰ ਮਾਵਾਂ ਤੇ ਭਰਾਵਾਂ ਨਾਲ ਮਿਲਾ ਕੇ ਬਸੰਤ ਖਿੜਾ ਦਿਤੀ । ਅਜੁੱਧਿਆ ਦੇ ਵਾਸੀ ਹੱਥ ਜੋੜ ਜੋੜ ਕੇ ਸਵਾਗਤ ਦੇ ਮੰਤਰ ਬੋਲਦੇ ਕਿਰਣਮਕਿਰਣੀ ਘਰਾਂ ਨੂੰ ਚਲੇ ਗਏ । ਜਿਵੇਂ ਖਿੜੇ ਹੋਏ ਕੌਲ ਫੁੱਲਾਂ ਵਿਚੋਂ ਭੌਰੇ ਭਿਣ ਭਿਣ ਕਰਦੇ ਜਾ ਰਹੇ ਹੋਣ ।

ਰਾਮ ਚੰਦਰ ਜੀ ਦੇ ਪੈਰਾਂ ਵਿਚ ਉਹ ਭਾਗੇ ਭਰੀਆਂ ਖੜਾਵਾਂ ਪੁਆ ਕੇ ਭਰਤ ਜੀ ਬੋਲੇ—ਅਜ ਮੇਰਾ ਜਨਮ ਸਫਲਾ ਹੋਇਆ । ਅੱਜ ਜੁੱਗਾਂ ਦੀਆਂ ਚਾਹਾਂ ਪੂਰੀਆਂ ਹੋਈਆਂ ।

ਵਿਭੀਖਣ, ਸੁਗ੍ਰੀਵ ਤੇ ਹੋਰ ਸਾਰੇ ਇਕ ਦੂਜੇ ਵੱਲ ਵੇਖ ਕੇ ਹੰਝੂ ਭਰੀਆਂ ਅੱਖਾਂ ਨਾਲ ਭਰਤ ਦੀ ਆਰਤੀ ਕਰਨ ਲਗੇ । ਅਕਾਸ਼ੋਂ ਕਲਪ ਰੁੱਖਾਂ ਦੇ ਫੁੱਲ ਤਾਰ ਬੰਨ੍ਹ ਕੇ ਵਰ੍ਹੇ । ਦੇਵਤਿਆਂ ਇਕੇ ਸੁਰ ਨਾਲ ਕਿਹਾ—ਭਰਤ ਤੇਰੇ ਜੇਹਾ ਨਾ ਕੋਈ ਅਜੇ ਤਕ ਹੋਇਆ, ਨਾ ਹੋਵੇਗਾ ।

ਇੰਨੇ ਵਿਚ ਵਸ਼ਿਸ਼ਠ ਜੀ ਆਏ । ਰਾਮ ਜੀ ਤੇ ਹੋਰ ਉੱਠੇ ਤੇ ਮੁਨੀ ਜੀ ਦੇ ਪੈਰੀਂ ਸਿਰ ਰੱਖ ਦਿਤੇ ।

## ਰਾਮ ਜੀ ਦਾ ਰਾਜ ਤਿਲਕ-ਰਾਮ ਰਾਜ

ਹਾਂ ਭਰਤ ਜੀ ਹੱਥ ਜੋੜ ਕੇ ਬੋਲੇ—ਮਹਾਰਾਜ, ਆਪ ਦਾ ਰਾਜ ਆਪ ਨੂੰ ਸੌਂਪਨਾ । ਤਕੜਾ ਬੈਲ ਜਿਸ ਬੋਝ ਨੂੰ ਚੁਕ ਸਕਦਾ ਹੈ, ਉਸ ਨੂੰ ਵੱਛਾ ਨਹੀਂ ਚੁੱਕ ਸਕਦਾ । ਆਪ ਸਵਾਮੀ ਅਸੀਂ ਸੇਵਕ । ਸਾਡੀ ਚਾਹ ਏ ਕਿ—ਆਪ ਦਾ ਤਿਲਕ ਹੋਵੇ । ਜੁਗ ਜੁਗ ਜੀਓ ਤੇ ਰਾਜ ਕਰੋ ।

ਰਾਮ ਜੀ ਗੱਦੀ ਤੇ ਬਿਠਾਏ ਗਏ । ਸ਼ਤਰੂਘਨ ਜੀ ਨੇ ਸਿਆਣੇ ਸੁਥਰੇ ਨਾਈ ਮੰਗਵਾਏ । ਭਰਤ, ਲਛਮਣ, ਸੁਗ੍ਰੀਵ, ਵਿਭੀਖਣ ਨੂੰ ਇਸ਼ਨਾਨ ਕਰਾਇਆ ਗਿਆ । ਰਘੂਨਾਥ ਜੀ ਨੇ ਵੀ ਜਟਾਂ ਕਟਵਾ ਕੇ ਇਸ਼ਨਾਨ ਕੀਤਾ ! ਫੁੱਲਾਂ ਦੀਆਂ ਮਾਲਾਂ, ਚੰਦਨ, ਰਾਜਸੀ ਕਪੜਿਆਂ ਨਾਲ ਸੱਜ ਗਿਆ ! ਰਾਮ, ਲਛਮਣ ਤੇ ਸੀਤਾ ਦਾ ਸ਼ਿੰਗਾਰ ਕੀਤਾ ਗਿਆ । ਸੋਹਣੇ ਰਥਾਂ ਤੇ ਚੜ੍ਹ ਕੇ ਇਹ ਜਲੂਸ ਅਜੁੱਧਿਆ ਨੂੰ ਟੁਰ ਪਿਆ । ਰਾਮ ਜੀ ਦੇ ਰਥ ਦੀ ਰਾਸ ਭਰਤ ਜੀ ਦੇ ਹੱਥ ਸੀ, ਸ਼ਤਰੂਘਨ ਜੀ ਛਤਰ ਫੜੀ ਖੜੋਤੇ ਸਨ, ਲਛਮਣ ਪੱਖਾ ਝੱਲ ਰਹੇ ਸਨ ਤੇ ਵਿਭੀਖਣ ਦੇ ਹੱਥ ਵਿਚ ਚਿੱਟੀ ਚਾਨਣ ਚੌਰੀ ਸੀ ਰਾਮ ਜੀ ਇੰਜ ਭਾਸਦੇ ਸਨ ਜਿਵੇਂ ਤਾਰਿਆਂ ਵਿਚ ਚੰਨ । ਉਨ੍ਹਾਂ ਦੇ ਅਗੇ ਭਾਂਤ-ਭਾਂਤ ਦੇ ਬਾਜਿਆਂ ਵਾਲਿਆਂ ਦੀਆਂ ਵਹੀਰਾਂ ਜਾ ਰਹੀਆਂ ਸਨ । ਬ੍ਰਾਹਮਣ ਕੰਜਕਾਂ, ਚਾਵਲ, ਕੇਸਰ, ਮਿਠਾ-ਈਆਂ ਥਾਲਾਂ ਵਿਚ ਪਾ ਕੇ ਟੁਰ ਰਹੀਆਂ ਸਨ । ਨਾਲੋਂ ਨਾਲ ਰਾਮ ਚੰਦਰ ਜੀ ਸੁਗ੍ਰੀਵ ਦੀ ਮਿੱਤਰਾਚਾਰੀ, ਹਨੂਮਾਨ ਜੀ ਦੀ ਭਗਤੀ ਤੇ ਹੋਰ ਸੂਰਮਿਆਂ ਦੇ ਆਪਣੇ ਆਪਣੇ ਗੁਣ ਗਿਣਦੇ ਜਾ ਰਹੇ ਸਨ ।



Sri Satguru Jagjit Singh Ji Elibrary NamdhariElibrary@gmail.com

ਇਹ ਚਹਵਾਂ ਜੁਗਾਂ ਦਾ ਨਿਚੋੜ ਜੋੜ ਮੇਲਾ ਅਜੁੱਧਿਆ ਜੀ ਵਿਚ ਪੁੱਜਾ। ਲੋਕਾਂ ਦੇ ਚਾਹ ਉਮਾਹ ਦੀਆਂ ਹੱਦਾਂ ਟੁੱਟ ਰਹੀਆਂ ਸਨ। ਫੁੱਲਾਂ ਦੀ ਬਰਖਾ ਵਿਚੋਂ, ਜੈਕਾਰਿਆਂ ਵਿਚੋਂ ਝੰਡੀਆਂ ਝੂਲਦੀਆਂ ਵਿਚੋਂ ਹੋਂਦੇ ਹੋਏ ਇਹ ਪਿਆਰੇ ਪਰਦੇਸੀ ਰਾਜ ਭਵਨ ਵਿਚ ਗਏ। ਨਮਸਤੇ, ਅਸੀਸ, ਸੁਖਸਾਂਦ ਦੀ ਪੁੱਛ ਗਿੱਛ ਪਿਛੋਂ ਰਾਮ ਜੀ ਦੀ ਆਗਿਆ ਨਾਲ ਸੁਗ੍ਰੀਵ, ਵਿਭੀਖਣ ਤੇ ਹੋਰ ਵੱਡੀਆਂ ਨਿੱਕਿਆਂ ਨੂੰ ਸੋਹਣੇ ਘਰਾਂ ਤੇ ਕਮਰਿਆਂ ਵਿਚ ਥਾਂ ਦਿੱਤੀ ਗਈ ਤੇ ਰਜ ਕੇ ਸੇਵਾ ਪੂਜਾ ਕੀਤੀ ਗਈ।

ਭਰਤ ਜੀ ਨੇ ਸੁਗ੍ਰੀਵ ਜੀ ਨੂੰ ਆਖਿਆ--ਮਹਾਰਾਜ ਰਾਮ ਜੀ ਰਾਜ ਤਿਲਕ ਲਈ ਜਲ ਚਾਹੀਦਾ ਏ। ਸੁਗ੍ਰੀਵ ਜੀ ਨੇ ਹਵਾ ਦੀ ਚਾਲ ਵਾਲੇ ਬਾਂਦਰ ਵੀਰਾਂ ਨੂੰ ਸੋਨੇ ਦੇ ਘੜੇ ਦੇ ਕੇ ਟੋਰਿਆ। ਉਹ ਘੜੀਆਂ ਵਿਚ ਚਹਵਾਂ ਸਮੁੰਦਰਾਂ ਤੇ ਸੌ ਨਦੀਆਂ ਦਾ ਜਲ ਭਰ ਕੇ ਲੈ ਆਏ।

ਵਸ਼ਿਸ਼ਠ ਜੀ ਨੇ ਰਤਨਾਂ ਜੜੇ ਸੋਨੇ ਦੇ ਪੀੜ੍ਹਿਆਂ ਤੇ ਰਾਮ ਜੀ ਤੇ ਸੀਤਾ ਜੀ ਨੂੰ ਬਿਠਾ ਦਿਤਾ। ਜਿਵੇਂ ਵਸੂਆਂ ਨੇ ਇੰਦ੍ਰ ਨੂੰ ਰਾਜ ਤਿਲਕ ਦਿੱਤਾ ਸੀ, ਤਿਵੇਂ ਵਸ਼ਿਸਠ, ਵਿਜਯ, ਜਾਬਾਲੀ, ਕਸ਼ਯਪ, ਕਾਤਯਾਯਨ, ਗੋਤਮ ਤੇ ਵਾਸਦੇਵ ਨੇ ਰਿਤਵਿਕ ਬ੍ਰਾਹਮਣ, ਕੰਨਯਾ, ਮੰਤ੍ਰੀ ਸੈਨਿਕ, ਵਯਾਪਾਰੀ ਤੇ ਅਕਾਸ਼ ਵਿਚ ਵਸਦੇ ਦੇਵਤਿਆਂ ਸਣੇ ਸੁਥਰੇ ਤੇ ਸੁਗੰਧ ਵਾਲੇ ਜਲ ਤੇ ਸਾਰੀਆਂ ਜੜ੍ਹੀਆਂ ਬੂਟੀਆਂ ਦੇ ਰਸ ਨਾਲ ਰਾਮ ਚੰਦਰ ਜੀ ਨੂੰ ਰਾਜ ਤਿਲਕ ਦਿੱਤਾ। ਫੇਰ ਬ੍ਰਹਮਾ ਜੀ ਦਾ ਬਣਾਇਆ ਹੋਇਆ ਰਤਨਾਂ ਜੜਿਆ ਮੁਕਟ ਜਿਸ ਦੇ ਨਾਲ ਪਹਿਲੋਂ ਮਨੂ ਦਾ ਤੇ ਫੇਰ ਉਸ ਦੀ ਅੰਸ ਦੇ ਸਾਰੇ ਰਾਜਿਆਂ ਦਾ ਰਾਜ ਤਿਲਕ ਹੁੰਦਾ ਆਇਆ ਸੀ ਉਸ ਸੋਹਣੇ ਸੁਨਹਿਰੀ ਭਵਨ ਵਿਚ ਸ਼ਾਸਤਰ ਦੀ ਵਿਧ ਨਾਲ ਇਕ ਰਤਨਾਂ ਦੇ ਜੜੇ ਹੋਏ ਪੀੜ੍ਹੇ ਤੇ ਰਖਿਆ ਗਿਆ। ਵਸ਼ਿਸਠ ਜੀ ਨੇ ਉਸ ਮੁਕਟ ਨਾਲ ਤੇ ਹੋਰ ਗਹਿਣਿਆਂ ਨਾਲ ਰਾਮਚੰਦਰ ਜੀ ਨੂੰ ਆਪ ਸਜਾਇਆ। ਉਸ ਵੇਲੇ ਸ਼ਤਰੂਘਨ ਜੀ ਨੇ ਉਹਨਾਂ ਤੇ ਚਿੱਟਾ ਛਤਰ ਤਾਣਿਆ। ਇਕ ਚੋਰੀ ਸੁਗ੍ਰੀਵ ਜੀ ਨੇ ਤੇ ਦੂਜੀ ਵਿਭੀਖਣ ਜੀ ਨੇ ਲਈ। ਦੇਵਤਿਆਂ ਖੁਸ਼ੀਆਂ ਦਿੱਤੀਆਂ। ਗੰਧਰਵਾਂ ਰਾਗ ਛੇੜ ਦਿੱਤੇ। ਖੇਤੀਆਂ ਹਰੀਆਂ ਭਰੀਆਂ ਹੋ ਗਈਆਂ। ਰੁੱਖਾਂ ਤੇ ਫਲ ਪੈ ਗਏ ਬ੍ਰਹਮਣਾਂ ਨੂੰ ਬੇ-ਓੜਕ ਦਾਨ ਦਿੱਤਾ ਗਿਆ ਫੇਰ ਉਨ੍ਹਾਂ ਸੁਗ੍ਰੀਵ ਜੀ ਨੂੰ ਤਰ੍ਹਾਂ ਤਰ੍ਹਾਂ ਦੇ ਕਪੜੇ, ਗਹਿਣੇ ਤੇ ਇਕ ਮਣੀਆਂ ਨਾਲ ਜੜੀ ਹੋਈ ਮਾਲਾ ਦਿੱਤੀ। ਅੰਗਦ ਨੂੰ ਦੋ ਜੜਾਊ ਬਾਂਹਟੇ ਦਿਤੇ। ਇਸ ਪਿੱਛੋਂ ਉਨ੍ਹਾਂ ਸੀਤਾ ਜੀ ਨੂੰ ਇਕ ਮੋਤੀਆਂ ਦੀ ਮਾਲਾ, ਕਦੀ ਵੀ ਮੈਲੇ ਨਾ ਹੋਣ ਵਾਲੇ, ਦੋ ਕਪੜੇ ਤੇ ਕਈ ਗਹਿਣੇ ਦਿੱਤੇ। ਸੀਤਾ ਜੀ ਨੇ ਉਸ ਮਾਲਾ ਨੂੰ ਹੱਥ ਲਾਇਆ, ਹਨੂਮਾਨ ਤੇ ਹੋਰਾਂ ਵਲ ਤੱਕਿਆ ਤੇ ਰਾਮ ਜੀ ਵਲ ਤੱਕਿਆ। ਰਾਮਚੰਦਰ ਜੀ ਨੇ ਸੈਨਤ ਸਮਝੀ ਤੇ ਕਿਹਾ ਜਿਸ ਨੂੰ ਮਰਜ਼ੀ ਦੇ! ਸੀਤਾ ਜੀ ਨੇ ਉਹ ਮਾਲਾ ਹਨੂਮਾਨ ਜੀ ਨੂੰ ਦੇ ਦਿੱਤੀ। ਇਸੇ ਤਰ੍ਹਾਂ ਹੋਰ ਚੋਣਵਿਆਂ ਪ੍ਰਾਹੁਣਿਆਂ ਦਾ ਆਦਰ ਸਤਿਕਾਰ ਕੀਤਾ ਗਿਆ। ਸੁਰਗੀ ਝੂਟੇ ਲੈ ਕੇ ਬਾਂਦਰ ਮਹਾਰਾਜੇ ਕਿਸ਼ਕਿੰਧਾ ਨੂੰ ਤੇ ਵਿਭੀਖਣ ਹੋਰੀਂ ਲੰਕਾ ਨੂੰ ਚਲੇ ਗਏ।

ਰਘੁਨਾਥ ਜੀ ਬੜੇ ਅਨੰਦ ਨਾਲ ਰਾਜ ਕਾਜ ਕਰਨ ਲੱਗੇ। ਇਕ ਵਾਰੀ ਉਨ੍ਹਾਂ ਲਛਮਣ ਜੀ ਨੂੰ ਯੁਵਰਾਜ ਬਣਨ ਲਈ ਆਖਿਆ ਪਰ ਲਛਮਣ ਜੀ ਮੰਨਣ ਤੇ ਨਾ ਆਏ। ਤਾਂ ਭਰਤ ਜੀ ਨੂੰ ਯੁਵਰਾਜ ਬਣਾਇਆ। ਰਾਮ ਜੀ ਨੇ ਕਈ ਪੌਂਡਰੀਕ ਤੇ ਅਸ਼ਵਮੇਧ ਯੱਗ ਕੀਤੇ। ਇਨ੍ਹਾਂ ਵਿਚ ਵਧੀਆ ਘੋੜੇ ਛੱਡੇ ਗਏ ਤੇ ਦੱਖਣਾਂ ਦਿੱਤੀਆਂ ਗਈਆਂ। ਰਾਮ ਜੀ ਦੇ ਰਾਜ ਵਿਚ ਵਿਧਵਾ ਦਾ ਵਿਰਲਾਪ ਨਹੀਂ ਸੀ ਸੁਣੀਂਦਾ, ਸੱਪਾਂ ਅਠੂਹਿਆਂ ਦਾ ਡਰ ਨਾ ਸੀ, ਰੋਗਾਂ ਦਾ ਭੈ ਨਾ ਸੀ। ਚੋਰ ਡਾਕੂ ਕਹਾਣੀਆਂ ਵਿਚ ਹੀ ਸੁਣੇ ਜਾਂਦੇ ਸਨ। ਪਾਪ ਕਿਤਾਬਾਂ ਵਿਚ ਹੀ ਪੜ੍ਹੀਦੇ ਸਨ। ਬੁੱਢਿਆਂ ਨੂੰ ਬਾਲਾਂ ਜਵਾਨਾਂ ਦੀ ਮੌਤ ਨਹੀਂ ਸੀ ਦੇਖਣੀ ਪੈਂਦੀ। ਸਭ ਲੋਕ ਧਰਮੀ ਸਨ, ਪ੍ਰੇਮੀ ਸਨ, ਸੁਖੀ ਸਨ, ਇਕ ਦੂਜੇ ਨੂੰ ਦੁੱਖ ਨਹੀਂ ਸੀ ਦੇਂਦੇ। ਲੰਮੀਆਂ ਉਮਰਾਂ ਭੋਗਦੇ ਸਨ, ਦੁੱਧੀਂ ਪੁੱਤਰੀਂ ਵਧਦੇ ਫੁੱਲਦੇ ਸਨ, ਰੋਗ ਸੋਗ ਨੂੰ ਜਾਣਦੇ ਹੀ ਨਾ ਸਨ। ਰੁੱਖਾਂ ਦੀਆਂ ਜੜ੍ਹਾਂ ਪੱਕੀਆਂ ਸਨ। ਔੜ ਨਹੀਂ ਸੀ ਪੈਂਦੀ, ਮੀਂਹ ਹੱਦੋਂ ਬਾਹਰ ਨਹੀਂ ਸਨ ਪੈਂਦੇ। ਲੋੜ ਵੇਲੇ ਬਦਲ ਵਰ੍ਹਦੇ ਸਨ ਵਾ ਵੇਲੇ ਸਿਰ ਵਗ ਕੇ ਸੁਖ ਦੇਂਦੀ ਸੀ। ਚਾਰੇ ਵਰਣ ਆਪਣਾ ਆਪਣਾ ਕੰਮ ਠੀਕ ਕਰਦੇ ਸਨ। ਚਾਰੇ ਆਸ਼ਰਮ ਸੂਰਜ ਦੀ ਚਾਲ ਵਾਂਗ ਠੀਕ ਠੀਕ ਚਲਦੇ ਸਨ। ਉਨ੍ਹਾਂ ਦੀ ਰਾਜਨੀਤੀ ਧਰਮ ਸੀ। ਸਿੱਧੇ ਰਾਹ ਟੁਰਦੇ ਸਨ, ਵਿੰਗ ਟੇਢ ਉਨ੍ਹਾਂ ਦੇ ਨਾ ਮਨ ਵਿਚ ਸੀ, ਨਾ ਵਚਨ ਵਿਚ ਸੀ ਨਾ ਕਰਮ ਵਿਚ ਸੀ। ਇਹ ਸੱਚ ਦਾ ਰਾਜ ਸੀ, ਇਹ ਧਰਮ ਦਾ ਰਾਜ ਸੀ, ਇਹ ਸਤਜੁਗ ਦਾ ਰਾਜ ਸੀ। ਇਹ ਰਾਮ ਦਾ ਰਾਜ ਸੀ।

(ਮਹਿਕਮਾ ਪੰਜਾਬੀ ਪਟਿਆਲਾ,
ਹੁਣ ਭਾਸ਼ਾ ਵਿਭਾਗ ਦੇ ਧਨਵਾਦ ਸਹਿਤ)



Sri Satguru Jagjit Singh Ji Elibrary NamdhariElibrary@gmail.com

ਸਿਲਸਲੇਵਾਰ

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

(ਲੜੀ ਜੋੜਨ ਲਈ ਵਰਿਆਮ ਦਾ
ਮਈ-ਜੂਨ ੧੯੮੪ ਅੰਕ ਵੇਖੋ)

### ੧੩ ਜੂਨ ੧੯੭੮ ਮੰਗਲਵਾਰ
### ਨਵੀਂ ਦਿੱਲੀ

**ਸਤਿਗੁਰੂ ਜੀ ਜੋਧਪੁਰ ਨੂੰ**

ਮੇਰੇ ਵਿਚਾਰ ਵਿਚ ਤਾਂ ਸ੍ਰੀ ਸਤਿਗੁਰੂ ਜੀ ਜਾ ਚੁਕੇ ਸਨ। ਉਹਨਾਂ ਅੱਜ ਜੋਧਪੁਰ ਲਈ ਸਵੇਰੇ ੬ ਵਜੇ ਦੀ ਫਲਾਈਟ ਲੈਣੀ ਸੀ। ਨਿੱਜੀ ਸੇਵਕ ਸੰਤ ਮਹਿੰਦਰ ਸਿੰਘ ਪੂਰਬਾ ਤੋਂ ਬਿਨਾ ਸ੍ਰ: ਹੰਸਪਾਲ ਨੇ ਵੀ ਨਾਲ ਜਾਣਾ ਸੀ।

੮ ਵਜੇ ਜਾਂ ਮੈਂ ਡਾ: ਅਮਰ ਭਾਰਤੀ ਨੂੰ ਨਾਲ ਲੈ ਅਪਣੇ ਲੜਕੇ ਮਨਧੀਰ ਸਿੰਘ ਨੂੰ ਕਰੋਲ ਬਾਗ ਦੇ ਹੋਮੀਓਪੈਥ ਡਾ: ਕੇ.ਐਲ. ਮਿਤਰਾ ਨੂੰ ਵਖਾਣ ਗਿਆ, ਤਾਂ ਉਹਦਾ ੧੦ ਵਜੇ ਤੱਕ ਆਉਣਾ ਸੁਣਕੇ, ਸਮਾਂ ਬਿਤਾਣ ਦੇ ਖਿਆਲ ਨਾਲ, ਅਸੀਂ ਸੇਠ ਤ੍ਰਿਲੋਕ ਸਿੰਘ ਦੀ ਕੋਠੀ ੧/੬ ਬੀ ਪੂਸਾ ਰੋਡ ਪੁਜੇ। ਪਤਾ ਲਗਾ ਸਤਿਗੁਰੂ ਜੀ ਅਜੇ ਏਥੇ ਹੀ ਹਨ। ਸਭ ਨੇ ਜਾ ਦਰਸ਼ਨ ਕੀਤੇ।

ਸ੍ਰੀ ਸਤਿਗੁਰੂ ਜੀ ਸੇਠ ਹੁਰਾਂ ਨਾਲ ਕੋਈ ਬਚਨ ਕਰਕੇ ਉਨ੍ਹਾਂ ਨੂੰ ਤੋਰਨ ਹੀ ਲਗੇ ਸਨ ਕਿ ਸਾਡਾ ਆਗਮਨ ਹੋ ਗਿਆ। ਦੋ ਕੁ ਮਿੰਟ ਵਿਚ ਇਹ ਦਸਦਿਆਂ ਕਿ ਜਹਾਜ਼ ਲੇਟ ਹੋ ਗਿਆ ਹੈ ਤੇ ਹੁਣ ਦੋ-ਢਾਈ ਵਜੇ ਜਾਵੇਗਾ, ਸਤਿਗੁਰੂ ਜੀ ਨੇ ਇਹ ਕਹਿਕੇ ਸਾਨੂੰ ਛੁਟੀ ਦਿਤੀ : ਚੰਗਾ ਹੁਣ ਤੁਸੀਂ ਜਾਓ, ਮੈਂ ਥੋੜਾ ਚਿਰ ਨੀਂਦ ਲੈਣਾ ਚਾਹੁੰਦਾ ਹਾਂ।

ਅਤੇ ਅਸੀਂ ਆਪਣੇ ਪ੍ਰੋਗਰਾਮ ਅਨੁਸਾਰ ਛਿੜ ਗਏ।

ਸਤਿਗੁਰੂ ਜੀ ਦੋ-ਢਾਈ ਵਜੇ ਜੋਧਪੁਰ ਲਈ ਉਡ ਗਏ ਹੋਣਗੇ। ਜੋਗਾ ਸਿੰਘ ਨਾਮ ਦਾ ਨੌਜੁਆਨ ਸਿੰਘ ਜਿਸਨੇ, ਫੌਜ ਵਿਚ, ਡਟਕੇ ਨਾਮਧਾਰੀ ਦਸਤਾਰ ਨੂੰ ਅਪਣੇ ਲਈ ਪਰਵਾਨ ਕਰਵਾਇਆ, ਉਹੋ ਦਰਸ਼ਨਾਂ ਦਾ ਤਲਬਗਾਰ ਸੀ।

ਅੱਜ ਦਾ ਲੰਗਰ ਸਤਿਗੁਰੂ ਜੀ ਨੇ ਸੰਤ ਮਹਿੰਦਰ ਸਿੰਘ ਡਾਲਜਨ ਗੰਜ ਵਾਲਿਆਂ ਦੇ ਕਰੋਲ ਬਾਗ ਵਾਲੇ ਘਰ ਹੀ ਕੀਤਾ।

### ੧੫ ਜੂਨ ੧੯੭੮ ਵੀਰਵਾਰ
### ਸ੍ਰੀ ਭੈਣੀ ਸਾਹਿਬ

**ਸੱਸ ਗੁਜ਼ਰ ਗਈ**

ਮੈਨੂੰ ੧੨-੬-੭੮ ਨੂੰ ਕਿਹਾ ਗਿਆ ਸੀ ਕਿ ਮੈਂ ੧੫ ਜੂਨ ਨੂੰ ਸ੍ਰੀ ਭੈਣੀ ਸਾਹਿਬ ਪਹੁੰਚ ਜਾਵਾਂ। ਸੋ ਮੈਂ ਕਲ ਅਪਣੀ ਲੜਕੀ ਅਵਿਨਾਸ਼ ਨਾਲ ਯਾਤਰਾ ਅਰੰਭ ਕਰਕੇ, ਲੁਧਿਆਣਿਓਂ ਉਸਨੂੰ ਸੁਰ ਸਿੰਘ ਪਿੰਡ ਲਈ ਫੀਰੋਜ਼ਪੁਰ ਦੀ ਬੱਸ ਤੇ ਚੜ੍ਹਾ, ਆਪ ਅਪਣੇ ਸਹੁਰੇ ਪਿੰਡ ਕੰਗ ਅਰਾਈਆਂ ਨਜ਼ਦੀਕ ਫਲੌਰ) ਪਹੁੰਚ ਗਿਆ। ਘਰ ਗਿਆਂ ਪਤਾ ਲਗਾ ਕਿ ਮੇਰੀ ਸੱਸ ਬੇਬੇ ਆਸ ਕੋਰ (੯੦) ਜੁ ਸ. ਸ਼ਾਮ ਸਿੰਘ ਅਟਾਰੀ ਵਾਲੇ ਦੇ ਖਾਨਦਾਨ ਨਾਲ ਸੰਬੰਧ ਰਖਦੀ ਸੀ ੧੨-੬-੭੮ ਨੂੰ ਸੁਰਗਵਾਸ ਹੋ ਗਈ ਹੈ। ਰਾਤ ਪਰਵਾਰ ਨਾਲ ਬੈਠ ਅਜ ਸਵੇਰੇ ੧੦ ਵਜੇ ਭੈਣੀ ਸਾਹਿਬ ਪੁੱਜਾ।

**ਆਮਦ**

ਸ੍ਰੀ ਸਤਿਗੁਰੂ ਜੀ ਵੀ ਅਜੇ ਹੁਣੇ ਪਹੁੰਚੇ ਜਾਪਦੇ ਸਨ। ਕੋਠੀ ਦੇ ਗੇਟ ਸਾਹਵੇਂ ਆਪ ਦੀ ਕਾਰ ਖਲੋਤੀ ਸੀ। ਦਰਸ਼ਨ ਯਾਚਕਾਂ ਦੀ ਇਕ ਤਕੜੀ ਗਿਣਤੀ ਚਰਨੀਂ ਹੱਥ ਲਾ ਹਟੀ ਸੀ। ਸਤਿਗੁਰੂ ਜੀ ਅਜੇ ਡਿਉਢੀ ਵਿਚ ਹੀ ਸਨ ਕਿ ਮੈਂ ਵੀ ਜਾ ਨਮਸਕਾਰ ਕੀਤੀ। ਸਤਿਗੁਰੂ ਜੀ ਨੇ ਫੌਰਨ ਆਖਿਆ : ਮੈਂ ਆਉਂਦਿਆਂ ਹੀ ਪੁਛਿਆ ਸੀ ਕਵੀ ਹੁਰੀਂ ਆਏ ਹਨ ਕਿ ਨਹੀਂ।

ਮੈਨੂੰ ਛਕਣ ਛਕਾਣ ਲਈ ਤੇ ਬਾਹਰਲੇ ਡੇਰੇ ਜਾਣ ਲਈ ਕਹਿ ਕੇ ਆਪ ਕੋਠੀ ਵਿਚ ਚਲੇ ਗਏ। ਪਰਵਾਰ ਨਾਲ ਬਚਨ ਅਤੇ ਇਸ਼ਨਾਨ ਪਾਣੀ ਕਰ, ਪ੍ਰਸ਼ਾਦਾ ਛਕ, ਆਰਾਮ ਹਿਤ ਅਪਣੇ ਕਮਰੇ ਵਿਚ ਜਾ ਬਿਰਾਜੇ।

**ਜੋਧਪੁਰ ਦੇ ਮੇਲੇ ਬਾਰੇ**

ਸੰਤ ਤਰਸੇਮ ਸਿੰਘ ਦੇ ਕਮਰੇ ਵਿਚ ਬੈਠਿਆਂ ਸਤਿਗੁਰੂ ਜੀ ਦੇ ਨਿੱਜੀ ਸੇਵਕ ਸੰਤ ਮਹਿੰਦਰ ਸਿੰਘ ਪੂਰਬਾ ਨੇ ਦੱਸਿਆ : ਜੋਧਪੁਰ ਵਿਚ ਸ੍ਰੀ ਜੋਗਾ ਸਿੰਘ ਅਤੇ ਸ੍ਰੀ ਸੁਰਿੰਦਰ ਸਿੰਘ ਦੇ ਉੱਦਮ ਨਾਲ ਮੇਲਾ ਹੋਇਆ ਹੈ। ਰਿਹਾਇਸ਼ ਸੁਰਿੰਦਰ ਸਿੰਘ ਕੇ ਘਰ ਹੀ ਰਹੀ। ਜੋਧਪੁਰ ਵਿਚ ਇਨ੍ਹਾਂ



Sri Satguru Jagjit Singh Ji Elibrary NamdhariElibrary@gmail.com



ਸ: ਜੋਗਾ ਸਿੰਘ ਜੋਧਪੁਰ

ਸਿੰਘਾਂ ਦੇ ਉਦਮ ਨਾਲ ਵਡੇ ਵਡੇ ਅਧਿਕਾਰੀ ਅਤੇ ਰਾਜਾ ਪਰਵਾਰ ਵੀ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਆਏ। ਪੰਡਿਤ ਜੀ, ਖਜ਼ਾਨ ਸਿੰਘ ਰਾਗੀ, ਸੰਤ ਬਲਵੰਤ ਸਿੰਘ, ਉਨ੍ਹਾਂ ਦਾ ਲੜਕਾ, ਸੋਹਣ ਸਿੰਘ ਢੁਲਕਵੀਆ ਦਿੱਲੀਓਂ ਪਹਿਲਾਂ ਹੀ ਗਏ ਹੋਏ ਸਨ। ਦੋ ਦੀਵਾਨ ਬਹੁਤ ਪ੍ਰਭਾਵਸ਼ਾਲੀ ਹੋਏ।

"ਜਹਾਜ਼ਾਂ ਦੀ ਬੇਯਕੀਨੀ ਕਾਰਨ ਆਗਿਆ ਹੋਈ ਕਿ ਰੇਲ ਵਿਚ ਵਾਪਸੀ ਦਾ ਪ੍ਰਬੰਧ ਕੀਤਾ ਜਾਇ। ਪ੍ਰਬੰਧ ਉਪਰੰਤ ਜਹਾਜ਼ ਦਾ ਚਲਣਾ ਵੀ ਨਿਸਚਿਤ ਹੋ ਗਿਆ, ਸੋ ਜਹਾਜ਼ ਦੀਆਂ ਟਿਕਟਾਂ ਲੈ ਲਈਆਂ ਗਈਆਂ। ਜਾਣਾ ੧੪ ਜੂਨ ਨੂੰ ਪਹਿਲਾਂ ਬੰਬਈ ਨੂੰ ਸੀ ਓਥੋਂ ਦਿੱਲੀ ਆਉਣਾ ਸੀ ਪਰ ਜਹਾਜ਼ ਸਿੱਧਾ ਦਿੱਲੀ ਦਾ ਮਿਲ ਗਿਆ ਤਾਂ ਕੱਲ ਸ਼ਾਮੀਂ ੬ ਵਜੇ ਦਿੱਲੀ ਆ ਲੱਥੇ। ਅੱਜ ਸਵੇਰੇ ੪ ਵਜੇ ਦਿੱਲੀਓਂ ਚੱਲ ਕੇ ੭.੩੦ ਵਜੇ ਤਕ ਚੰਡੀਗੜ੍ਹ ਪਹੁੰਚ ਗਏ। ਏਥੇ ਸੰਗਤ ਨੂੰ, ਜੁ ਆਸਾ ਦੀ ਵਾਰ ਉਪਰੰਤ ਅਜੇ ਧਰਮਸਾਲਾ ਹੀ ਬੈਠੀ ਸੀ, ਸਤਿਗੁਰੂ ਜੀ ਨੇ ਦਰਸ਼ਨ ਦਿਤੇ। ਏਥੋਂ ਚਲ ਕੇ ਆਪ ਖਰੜ ਵਿਖੇ ਸ: ਸ਼ਮਸ਼ੇਰ ਸਿੰਘ ਜੋਸ਼ (ਕਾਮਰੇਡ) ਪਾਸ ਰੁਕੇ। ਸਤਿਗੁਰੂ ਜੀ ਅਤੇ ਕਾਮਰੇਡ ਜੋਸ਼ ਨੇ ਬਹੁਤ ਸਾਰੇ ਵਿਚਾਰ ਸਾਂਝੇ ਕੀਤੇ।

## ਨੈਨੀਤਾਲ ਦੀ ਇਕ ਰਾਤ

ਸੰਤ ਤਰਸੇਮ ਸਿੰਘ ਆਏ ਤਾਂ ਉਹਨਾਂ ਸਤਿਗੁਰਾਂ ਦੇ ਨੈਨੀਤਾਲ ਯੂ. ਪੀ. ਵਿਚ ਜਾਣ ਦੀ ਵਾਰਤਾ ਸੁਣਾਈ: "ਸਤਿਗੁਰੂ ਜੀ ਨੇ ਐਤਕਾਂ ਯੂ. ਪੀ. ਫਾਰਮ ਤੇ ਗਿਆਂ ਨੈਨੀਤਾਲ ਜਾਣ ਦਾ ਪ੍ਰੋਗਰਾਮ ਬਣਾ ਲਿਆ। ਅਪਣੇ ਜਾਣ ਤੋਂ ਪਹਿਲੋਂ ਸੰਤ ਝਿਮਣ ਸਿੰਘ ਸੰਤ ਨਗਰ ਦੇ ਲੜਕੇ ਰਛਪਾਲ ਸਿੰਘ ਨੂੰ ਨੈਣੀਤਾਲ ਭੇਜਿਆ ਤਾਕਿ ਉਹ ਸੁੱਚੇ ਜਲ ਦਾ ਪਤਾ ਕਰ ਰਖੇ ਅਤੇ ਰਿਹਾਇਸ਼ ਲਈ ਕਮਰੇ ਲੈ ਰਖੇ।

"ਪਰ ਅਗਲੇ ਦਿਨ ਜਦੋਂ ਸ੍ਰੀ ਸਤਿਗੁਰੂ ਜੀ ਨਾਲ ਅਸੀਂ—ਸ੍ਰੀ ਮਾਤਾ ਜੀ, ਬੀਬਾ ਜੀ, ਠਾਕਰ ਉਦੇ ਸਿੰਘ ਜੀ ਪੂਰਬਾ ਜੀ, ਮੈਂ ਅਤੇ ਹੋਰ ਸਰੀਰ—੧੦ ਵਜੇ ਨੈਨੀਤਾਲ ਪਹੁੰਚੇ ਤਾਂ ਰਛਪਾਲ ਸਿੰਘ ਨੂੰ ਭਾਲਣਾ ਪਿਆ। ਪਰ ਰਛਪਾਲ ਸਿੰਘ ਅਜੇ ਪਾਣੀ ਦੀ ਤਲਾਸ਼ ਵਿਚ ਹੀ ਸੀ। ਮਕਾਨ ਕਰਾਏ ਤੇ ਕਰਨਾ ਤਾਂ ਉਹਨੂੰ ਭੁਲ ਹੀ ਗਿਆ ਸੀ।

"ਸੱਚੇ ਪਾਤਸ਼ਾਹ ਜੀ ਨੂੰ ਹਕੀਕਤ ਦਾ ਪਤਾ ਲਗਾ ਤਾਂ ਉਹਨਾਂ ਮੈਨੂੰ ਤਾਂ ਮਕਾਨ ਤਲਾਸ਼ ਕਰਨ ਦੀ ਆਗਿਆ ਕੀਤੀ ਅਤੇ ਆਪ ਪਾਣੀ ਦੀ ਭਾਲ ਵਿਚ ਨਿਕਲੇ। ਸਾਨੂੰ ਸੁੱਤੇ, ਨਦੀ ਜਲ ਦੀ ਲੋੜ ਸੀ। ਇਕ ਜਗਹ ਸ਼ੁਧ ਜਲ ਮਿਲਿਆ ਤਾਂ ਆਪ ਨੇ ਇਸ਼ਨਾਨ ਕਰਕੇ ਨਾਲ ਗਏ ਸਾਰੇ ਸਰੀਰਾਂ ਨਾਲ ਓਥੇ ਹੀ ਬੈਠਕੇ ਪ੍ਰਸ਼ਾਦਾ ਛਕ ਲਿਆ। ਕ੍ਰਿਪਾ ਕੀਤੀ, ਮੇਰੇ ਵਾਸਤੇ ਪ੍ਰਸ਼ਾਦ ਲੈ ਆਏ। ਦੋ ਵਜੇ ਤਕ ਸਾਨੂੰ ਕ੍ਰਿਸ਼ਨਾ ਹੋਟਲ ਵਾਲਿਆਂ ਤੋਂ ਕੇਵਲ ਇਕ ਕਮਰਾ ਮਿਲਿਆ।

"ਕੁਛ ਸਮਾਂ ਅਸੀਂ ਨੈਨੀਤਾਲ ਲੇਕ ਵਿਚ ਜਾਕੇ ਨੌਕਾ ਵਿਹਾਰ ਕੀਤਾ, ਅਰਥਾਤ ਬੇੜੀਆਂ ਚਲਾਈਆਂ। ਉਪਰੰਤ, ਰਾਤੀਂ ੮ ਵਜੇ ਭੀਮ ਤਾਲ ਦਾ ਨਜ਼ਾਰਾ ਲੈਣ ਚਲੇ ਗਏ। ਕੁਵੇਲੇ ਆਕੇ ਹੋਟਲ ਵਿਚ ਬਿਰਾਜੇ। ਸਵੇਰੇ ੩ ਵਜੇ, ਸੱਚੇ ਪਾਤਸ਼ਾਹ ਜੀ ਨੇ ਸਾਡੇ ਪਾਸੋਂ ਗੜਵਾ ਉਠਾ ਲਿਆ। ਮੇਰੀ ਜਾਗ ਖੁਲ੍ਹ ਗਈ। ਸਾਰੇ ਜਥੇ ਨੇ ੪ ਵਜੇ ਤਕ ਇਸ਼ਨਾਨ ਕਰਕੇ ਨਾਮਧਾਰੀ ਫਾਰਮ ਯੂ.ਪੀ. ਨੂੰ ਚਾਲੇ ਪਾ ਦਿਤੇ।" ਤਰਸੇਮ ਸਿੰਘ ਨੇ ਗੱਲ ਮੁਕਾ ਦਿਤੀ।

## ਭੈਣੀ ਸਾਹਿਬ ਵਿਚ ਕਮਿਊਨਿਸਟ

ਅੱਜ ੧੨.੩੦ ਵਜੇ ਦੇ ਕਰੀਬ ਇਕ ਖੁਲ੍ਹੀ ਜੀਪ ਵਿਚ ਕਾਮਰੇਡ ਅਵਤਾਰ ਸਿੰਘ ਮਲਹੋਤਰਾ ਸਕੱਤਰ ਪੰਜਾਬ ਸਟੇਟ ਸੀ.ਪੀ.ਆਈ. ਇਹਨਾਂ ਦੀ ਧਰਮ ਪਤਨੀ ਬੀਬੀ ਗੁਰਦੇਵ, ਸਪੁਤਰ ਸੁਮੀਰ ਅਤੇ ਕਾਮਰੇਡ ਜਗਜੀਤ ਸਿੰਘ



Sri Satguru Jagjit Singh Ji Elibrary NamdhariElibrary@gmail.com

ਆਨੰਦ ਐਮ. ਪੀ. ਮੁਖ ਸੰਪਾਦਕ "ਨਵਾਂ ਜ਼ਮਾਨਾ" ਆ ਗਏ। ਸੁਭਾਵਕ ਸੀ ਮੈਨੂੰ ਅਪਣੇ ਸਾਥੀਆਂ ਨੂੰ ਵੇਖਕੇ ਖੁਸ਼ੀ ਹੁੰਦੀ।

ਸੰਤ ਦਲੀਪ ਸਿੰਘ ਸੰਪਾਦਕ 'ਨਿਰੀਖੀਅਕ' ਨੇ ਲੰਗਰ ਪਾਣੀ ਦੀ ਸੇਵਾ ਕੀਤੀ ਕਾਰਵਾਈ। ਸ੍ਰੀ ਸਵਰਨ ਸਿੰਘ ਸਨੇਹੀ ਵੀ ਇਸ ਅਵਸਰ ਤੇ ਮੌਜੂਦ ਸੀ। ਕਾਮਰੇਡ ਇਸ ਮਨੋਰਥ ਨਾਲ ਆਏ ਸਨ ਕਿ ੧੯.੬.੭੮ ਨੂੰ ਜਲੰਧਰ ਵਿਚ ਇਕ ਸਰਬ ਪਾਰਟੀ ਕਨਵੈਨਸ਼ਨ ਹੋ ਰਹੀ ਹੈ ਤਾਕਿ ਪੰਜਾਬ ਪ੍ਰਾਂਤ ਦੇ ਫਿਰਕੂ ਅਮਨ ਨੂੰ ਬਹਾਲ ਕੀਤਾ ਤੇ ਕਾਇਮ ਰਖਿਆ ਜਾਵੇ, ਇਸ ਵਿਚ ਨਾਮਧਾਰੀ ਵੀ ਸ਼ਾਮਲ ਹੋਣ। ਇਹਨਾਂ ਸਜਣਾਂ ਡੇਢ ਵਜੇ ਤਕ ਲੁਧਿਆਣੇ ਜਾਣਾ ਸੀ। ਸੰਤ ਮੇਲਾ ਸਿੰਘ ਰਛੀਨ ਜਥੇਦਾਰ ਨੂੰ ਸਤਿਗੁਰੂ ਜੀ ਪ੍ਰਤੀ ਸੁਨੇਹਾ ਦੇ ਕੇ ਇਹ ਚਲੇ ਗਏ। ਸੱਚੇ ਪਾਤਸ਼ਾਹ ਇਸ ਸਮੇਂ ਬਿਰਾਜ ਰਹੇ ਸਨ।

ਸਤਿਗੁਰੂ ਜੀ ਨੇ ਇਸ਼ਨਾਨ ਕਰਕੇ ੨ ਵਜੇ ਸ੍ਰੀ ਸਵਰਨ ਸਿੰਘ ਸਨੇਹੀ ਅਤੇ ਮੈਨੂੰ ਯਾਦ ਕੀਤਾ। ਮੇਰੇ ਪਹੁੰਚਣ ਸਮੇਂ ਆਪ ਜੀ, ਕੋਠੀ ਦੇ ਘਾਹ ਕਿਤੇ ਵਿਚ, ਚੀਲ ਦੀ ਛਾਵੇਂ ਵਿਛੀ ਸਫ਼ ਉਤੇ, ਅਪਣੇ ਆਸਣ ਤੇ ਸਸ਼ੋਭਤ ਸਨ। ਆਪ ਦੇ ਪਾਸ ਠਾਕਰ ਦਲੀਪ ਸਿੰਘ ਜੀ ਬੈਠੇ ਹੋਏ ਸਨ। ਚਿਹਰਿਓਂ ਕਮਜ਼ੋਰ, ਦਾੜ੍ਹੇ ਵਿਚ ਕੁਛ ਵਾਲ ਚਿਟੇ। ਜਾਪਦੈ ਦਵਾਈ ਰਾਸ ਨਹੀਂ ਆ ਰਹੀ।

### ਸੰਤ ਹਰਨਾਮ ਦਾਸ ਉਦਾਸੀ

ਬਾਵਾ ਹਰਨਾਮ ਦਾਸ ਜੀ ਉਦਾਸੀ, ਕਪੂਰਥਲਾ ਵਾਲੇ, ਵੈਸਾਖੀਆਂ ਨਾਲ ਚਲਦੇ ਸਤਿਗੁਰੂ ਜੀ ਪਾਸ ਆਏ। ਉਹ ਇਕ ਹਾਦਸੇ ਵਿਚ ਚੂਕਣੇ ਦੀ ਹੱਡੀ ਟੁਟ ਜਾਣ ਕਾਰਨ, ਹੁਣ ਵੈਸਾਖੀਆਂ ਤੇ ਨਿਰਭਰ ਸਨ। ਉਹਨਾਂ ਹੱਥ ਜੋੜ, ਚਰਨਾਂ ਤੇ ਸਿਰ ਝੁਕਾ, ਸੱਚੇ ਪਾਤਸ਼ਾਹ ਜੀ ਨੂੰ ਨਮਸਕਾਰ ਕੀਤੀ:

### ਅਵਤਾਰ ਸਿੰਘ ਨੂੰ ਜ਼ਮੀਨ

ਸੰਤ ਹਰਨਾਮ ਦਾਸ ਜੀ ਨੂੰ ਵਿਦਾ ਕਰਕੇ ਸਤਿਗੁਰਾਂ ਸੰਤ ਮੁਖਤਾਰ ਸਿੰਘ ਯੂ.ਪੀ. ਵਾਲੇ ਨੂੰ ਬੁਲਾ ਲਿਆ ਉਸਨੂੰ ਆਗਿਆ ਕੀਤੀ ਕਿ ਉਹ ਚਾਰ ਏਕੜ ਜ਼ਮੀਨ ਦੀ ਮਾਲਕੀ ਸ੍ਰੀ ਅਵਤਾਰ ਸਿੰਘ ਅੰਮ੍ਰਿਤਸਰ ਕਲਾਂ (ਸਰਸਾ) ਦੇ ਹਵਾਲੇ ਕਰ ਦੇਵੇ ਅਤੇ ਇਹਦੇ ਕਾਗਜ਼ਾਤ ਵੀ ਨਾਲ ਦੇ ਦੇਵੇ। ਸੰਤ ਬਲਕਾਰ ਸਿੰਘ ਵੀ ਇਸ ਵੇਲੇ ਹਾਜ਼ਰ ਸੀ। ਮੁਖਤਾਰ ਸਿੰਘ ਨੇ ਹੱਥ ਜੋੜ ਕੇ ਆਗਿਆ ਪਰਵਾਨ ਕੀਤੀ।



ਸੰਤ ਤਰਸੇਮ ਸਿੰਘ ਨਿਜੀ ਸਕੱਤਰ

ਅਵਤਾਰ ਸਿੰਘ ਨੂੰ ਆਖਿਆ ਗਿਆ ਕਿ ਉਹ ੩੦ ਜੂਨ ਤੱਕ ਯੂ. ਪੀ. ਵਿਚ ਜਾਕੇ ਜ਼ਮੀਨ ਲੈ ਲਵੇ ਅਤੇ ਰਜਿਸਟਰੀ ਵੀ। ਉਸ ਵੀ "ਸਤਿ ਬਚਨ" ਕਿਹਾ।

ਏਨੇ ਚਿਰ ਨੂੰ ਨਾਮ ਸਿਮਰਨ ਆਰੰਭ ਕਰਨ ਦਾ ਅਰਦਾਸਾ, ਹਰਿਮੰਦਰ ਵਿਚ ਸਾਧ ਸੰਗਤ ਵਲੋਂ ਹੋ ਗਿਆ। ਸੱਚੇ ਪਾਤਸ਼ਾਹ ਹਰਿਮੰਦਰ ਨੂੰ ਚਲੇ ਗਏ।

ਨਿਤਨੇਮ ਦੇ ਸਮੇਂ ਵਿਚ ਸ੍ਰੀ ਸਵਰਨ ਸਿੰਘ ਸਨੇਹੀ ਨੇ ਨਾਮਧਾਰੀ ਨਿਤਨੇਮ ਲਈ ਅਪਣੀ ਲਿਖੀ ਭੂਮਿਕਾ ਵਿਚ ਦੁਬਾਰਾ ਕੱਟ-ਛਾਂਟ ਕਰ ਲਈ।

### ਸ਼ਾਮ ਦਾ ਦੀਵਾਨ

ਨਾਮ ਸਿਮਰਨ ਤੋਂ ਬਾਅਦ ਚਾਰ ਵਜੇ ਕੀਰਤਨ ਦੀ ਵਾਰੀ ਆਈ। ਮੈਂ ਸਨੇਹੀ ਪਾਸੋਂ ਉਠਕੇ ਦੀਵਾਨ ਵਿਚ ਚਲਾ ਗਿਆ। ਹਰੀ ਮੰਦਰ ਵਿਚ ਪਰਵੇਸ਼ ਦੁਆਰ ਤੋਂ ਦੂਰ, ਸਾਹਮਣੇ ਬੀਬੀਆਂ ਖੱਬੇ ਹੱਥ ਸਤਿਗੁਰੂ ਜੀ ਦੇ ਪਿਛੇ ਸਤਿਕਾਰੇ ਸਿੱਖ, ਸਤਿਗੁਰੂ ਜੀ ਦੇ ਸੱਜੇ ਰਾਗੀ ਬੱਚੇ ਤੇ ਹੋਰ ਸੰਗਤ ਬੈਠੀ ਸੀ।

ਬੱਚਿਆਂ ਵਿਚੋਂ ਸਭ ਤੋਂ ਪਹਿਲੋਂ ਬਲਜੀਤ ਸਿੰਘ ਨੇ ਜੈਤਸਰੀ ਵਿਚ ਜੈਤਸਰੀ ਰਾਗ ਦਾ ਸ਼ਬਦ ਗੰਵਿਆ: ਹਰਿਜਨ ਸਿਮਰਉ ਹਿਰਦੈ ਰਾਮ। ਸੁੰਦਰ ਤੇ ਮੁਰਕੀਦਾਰ ਸੁਰ,



Sri Satguru Jagjit Singh Ji Elibrary NamdhariElibrary@gmail.com



ਸੰਤ ਹਰਨਾਮ ਦਾਸ ਉਸਾਸੀਨ

ਤਾਲ ਵਿਚ ਵਧੀਆ । ਫਿਰ ਸਤਿਗੁਰੂ ਜੀ ਨੇ, ਭਾਈ ਤਾਬਾ ਰਬਾਬੀ ਤੋਂ ਸਿਖਿਆ ਸ਼ਬਦ "ਹਰਿ ਜੂ ਰਾਖਿ ਲੇਹੁ ਪਤਿ ਮੇਰੀ" ਦਾ ਆਪ ਗਾਇਨ ਕੀਤਾ । ਉਪਰੰਤ ਟੀਟੂ ਤੇ ਉਹਦੇ ਸਾਥੀ ਬਲਦੇਵ ਸਿੰਘ ਅੰਬੇ ਆਦਿ ਨੇ ਇਕ ਇਕ ਸ਼ਬਦ ਸੁਣਾਇਆ ।

## ਸਰਬ ਪਾਰਟੀ ਕਨਵੈਨਸ਼ਨ

ਦੀਵਾਨ ਉਪਰੰਤ, ਬਾਹਰਲੇ ਡੇਰੇ ਵਿਚ ਠਾਕੁਰ ਦਲੀਪ ਸਿੰਘ, ਮਾਸਟਰ ਨਿਹਾਲ ਸਿੰਘ ਜੀ ਪ੍ਰਧਾਨ ਨਾਮਧਾਰੀ ਦਰਬਾਰ, ਸੰਤ ਦਲੀਪ ਸਿੰਘ ਨਿਰੀਖਿਅਕ, ਜਥੇਦਾਰ ਮੇਲਾ ਸਿੰਘ ਰਛੀਨ ਸੱਚੇ ਪਾਤਸ਼ਾਹ ਜੀ ਦੀ ਇੰਤਜ਼ਾਰ ਕਰ ਰਹੇ ਸਨ । ਆਪ ਛੇ ਵਜੇ ਸ਼ਾਮੀ ਪਧਾਰੇ । ਇਹਨਾਂ ਨੂੰ ਸਤਿਗੁਰੂ ਜੀ ਨੇ ਆਗਿਆ ਕੀਤੀ ਕਿ ਇਹ ਜਲੰਧਰ ਦੀ ਸਰਬ ਪਾਰਟੀ ਅਮਨ ਕਨਵੈਨਸ਼ਨ ਵਿਚ ੫੦-੬੦ ਸਰੀਰ ਹੋਰ ਨਾਲ ਲੈ ਕੇ ਜਾਣ ।

ਸੰਤ ਬਲਵੰਤ ਸਿੰਘ ਰੂਪ ਰਾਇ, ਗੜੀ ਮਹਾਂ ਸਿੰਘ ਨੂੰ ਬੁਲਾਕੇ ਹੁਕਮ ਕੀਤਾ ਕਿ ਇਹ ਜ਼ਿਲਾ ਜਲੰਧਰ ਦੇ ਸੂਬਾ ਅਮਰੀਕ ਸਿੰਘ ਜੀ ਨੂੰ ਮਿਲਕੇ ਆਖਣ ਕਿ ਉਹ ੧੮-੬-੭੮ ਨੂੰ ਘਟੋ ਘਟ ੨੦ ਬੰਦੇ ਲੈਕੇ ਜਲੰਧਰ ਕਨਵੈਨਸ਼ਨ ਵਿਚ ੧੦ ਵਜੇ ਤਕ ਪੁਜ ਜਾਣ ।

## ਠਾਕਰ ਦਲੀਪ ਸਿੰਘ ਜੀ

ਠਾਕੁਰ ਦਲੀਪ ਸਿੰਘ ਜੀ ਅੱਜ ਕੱਲ ਸ੍ਰੀ ਭੈਣੀ ਸਾਹਿਬ ਵਿਥ ਹੀ ਟਿਕੇ ਹੋਏ ਹਨ ਅਤੇ ਹੱਥ ਜੋੜੀ ਸਤਿਗੁਰੂ ਜੀ ਦੀ ਤਾਬਿਆ ਵਿਚ ਰਹਿੰਦੇ ਹਨ, ਜਦੋਂ ਜਿਨ੍ਹੈ ਬੁਲਾਣਾ ਹੋਵੇ ਸਤਿਗੁਰੂ ਜੀ ਇਨ੍ਹਾਂ ਨੂੰ ਹੁਕਮ ਕਰਦੇ ਹਨ, ਉਸ ਵਿਅਕਤੀ ਨੂੰ ਬੁਲਾਣ ਦਾ ਪ੍ਰਬੰਧ ਅਗੋਂ ਠਾਕਰ ਜੀ ਕਰਦੇ ਹਨ ।

ਕੁਛ ਸਮਾਂ ਸਤਿਗੁਰੂ ਜੀ ਨੇ ਠਾਕਰ ਜੀ ਵੱਡਿਆਂ, ਸੰਤ ਤਰਸੇਮ ਸਿੰਘ ਸਕੱਤਰ ਅਤੇ ਸੰਤ ਬਲਕਾਰ ਸਿੰਘ ਯੂ. ਪੀ. ਵਾਲੇ ਨਾਲ ਇਕਾਂਤ ਵਿਚ ਗੱਲਬਾਤ ਕੀਤੀ । ੭.੪੦ ਵਜੇ ਸ਼ਾਮੀਂ ਇਹਨਾਂ ਤੋਂ ਵਿਹਲੇ ਹੋ ਕੇ ਸੰਤ ਅਪਾਰ ਸਿੰਘ ਬੀੜ ਵਾਲੇ ਨੂੰ ਬੁਲਾਕੇ ਉਪ੍ਰੋਕਤ ਸੱਜਣਾਂ ਦੇ ਬੈਠਿਆਂ ਕੁਛ ਬਚਨ ਕੀਤੇ ।

## ਇਕ ਇਕ ਮਿੰਟ ਕਰਦਿਆਂ...

ਮੇਰੇ ਗਿਆਂ ਸਤਿਗੁਰੂ ਜੀ ਮੁਸਕਰਾਏ ਤੇ ਬਚਨ ਕੀਤਾ : ਇਕ ਇਕ ਮਿੰਟ ਕਰਦਿਆਂ ੬੦ ਮਿੰਟ ਹੋ ਜਾਂਦੇ ਹਨ । ਵਕਤ ਗੁਜ਼ਰਦਿਆਂ ਪਤਾ ਈ ਨਹੀਂ ਲਗਦਾ, ਕਦੋਂ ਰਾਤ ਪੈ ਜਾਂਦੀ ਹੈ । ਅਸਲ ਵਿਚ ਵਕਤ ਅਤੇ ਅਸੀਂ ਦੋਵੇਂ ਨਾਲੋ ਨਾਲ ਗੁਜ਼ਰ ਰਹੇ ਹੁੰਦੇ ਹਾਂ । ਜੇ ਵਕਤ ਗੁਜ਼ਰਦਾ ਹੈ ਤਾਂ ਅਸੀਂ ਕਿਹੜੇ ਖਲੋਤੇ ਰਹਿੰਦੇ ਹਾਂ ।

ਸ੍ਰੀ ਸਨੇਹੀ ਨੂੰ ਆਗਿਆ ਹੋਈ : ਮੈਨੂੰ ਤਾਂ ੩੫ ਸਫ਼ੇ ਦੀ ਭੂਮਿਕਾ ਵੀ ਵਡੀ ਲਗਦੀ ਹੈ । ਤੁਸੀਂ ਜਿੰਨੀ ਘਟਾ ਸਕਦੇ ਹੋ ਘਟਾਓ । ਫੇਰ ਫ਼ਰਮਾਇਆ : ਜੇ ਬਹੁਤ ਮੁਸ਼ਕਲ ਜਾਪਦੀ ਹੈ ਤਾਂ ੩੫ ਤੋਂ ਵੀ ੧੦ ਸਫ਼ੇ ਵਧੋ ਰਹਿਣ ਦਿਓ ।

## ਮਜ਼ਹਬੀ ਸਿੰਘਾਂ ਦੀ ਬੇਨਤੀ

ਏਥੇ ਬੈਠਿਆਂ ਹੀ ਤਿੰਨ ਨਾਮਧਾਰੀ ਮਜ਼ਹਬੀ ਸਿੰਘ ਆਏ । ਸ਼ੰਤ ਈਸ਼ਰ ਸਿੰਘ, ; । ਇਹ ਭੈਣੀ ਸਾਹਿਬ ਵਿਚ ਖੜਾਵਾਂ ਪਊਇਆਂ ਦੀਆਂ ਜੋੜੀਆਂ ਬਣਾਉਂਦੇ ਹਨ । ਸੰਤ ਈਸ਼ਰ ਸਿੰਘ ਨੇ ਹੱਥ ਜੋੜ ਕੇ ਅਰਜ਼ ਕੀਤੀ : ਗਰੀਬ ਨਿਵਾਜ, ਸਾਡੇ ਸਿਰ ਉਤੇ ਕਰਜ ਹੈ ਸਰਕਾਰੀ । ਉਸ ਤੋਂ ਅਸੀਂ ਤਾਂ ਹੀ ਬਚ ਸਕਦੇ ਹਾਂ ਜੇ ਆਪ ਜੀ ਕਿਰਪਾ ਕਰੋ । ਕਿਸੇ ਤਰ੍ਹਾਂ ਸਾਡੇ ਕਰਜ਼ ਦੀ ਅਦਾਇਗੀ ਦਾ ਪ੍ਰਬੰਧ ਕਰ ।

"ਕਿੰਨਾ ਕੁ ਕਰਜ਼ ਹੈ ?"

"ਇਹੋ ਜੀ ਕੋਈ ੯-੧੦ ਹਜ਼ਾਰ ਰੁਪੈ ਹੋਵੇਗਾ !"

ਵਰਿਆਮ



Sri Satguru Jagjit Singh Ji Elibrary NamdhariElibrary@gmail.com

"ਅੱਛਾ, ਏਨੀ ਰਕਮ ?"

"ਸੂਦ ਨੇ ਹੀ ਏਨਾ ਕੰਮ ਬਣਾ ਦਿਤਾ ਹੈ ਜੀ !"

"ਇਹ ਕਰਜ਼ ਕਿਉਂ ਉਠਾਇਆ ?"

"ਏਹੋ ਜੀ, ਘਰ ਦੀਆਂ ਲੋੜਾਂ ਹੀ ਕਰਜ਼ਾਈ ਬਣਾ ਗਈਆਂ !"

ਸਤਿਗੁਰੂ ਜੀ ਨੇ ਸਾਰੀ ਗੱਲਬਾਤ ਸਮਝਕੇ ਆਗਿਆ ਕੀਤੀ : ਪ੍ਰਸ਼ਾਦਾ ਲੰਗਰੋਂ ਛਕੀ ਜਾਓ । ਕਰਜ਼ਾ ਕਮਾਈ ਤੋਂ ਵਾਪਸ ਕਰੀ ਜਾਓ ।

"ਪਰ ਜੀ, ਬੈਂਕ ਦਾ ਕਰਜ਼ ਹੈ ਜੀ । ਉਹ ਤਾਂ ਇਕੱਠਾ ਹੀ ਮੰਗਦੇ ਹਨ ।"

ਸਤਿਗਰਾਂ ਠਾਕਰਾਂ ਵਲ ਇਸ਼ਾਰਾ ਕੀਤਾ : ਇਹ ਤੁਹਾਡੀ ਸਾਰੀ ਗੱਲ ਸਮਝ ਲੈਣਗੇ ਤੇ ਪ੍ਰਬੰਧ ਕਰ ਦੇਣਗੇ । ਕੁਛ ਚਿਰ ਰੁਕ ਕੇ ਫੇਰ ਹੁਕਮ ਕੀਤਾ : ਸੰਬੰਧਤ ਧਿਰ ਨੂੰ ਕਹੋ ਕਰਜ਼ ਸਾਡੇ ਨਾਂ ਤੇ ਮੁੰਤਕਿਲ ਕਰ ਦੇਣ । ਅਸੀ ਅਦਾਇਗੀ ਕਰ ਦਿਆਂਗੇ ।

ਅਤੇ ਸਿੰਘ ਹੌਲੇ ਭਾਰ ਹੋ, ਸਿਰ ਝੁਕਾ, ਵਾਪਸ ਹੋ ਗਏ ।

## ਵਖਾਵਾ ਸਹਿਤ/ਰਹਿਤ

ਇਕ ਸਿੰਘ ਜੋ ਆਪਣੇ ਪੁੱਤਰ ਜਾਂ ਛੋਟੇ ਭਰਾ ਨਾਲ ਆਇਆ ਸੀ ਸੱਚੇ ਪਾਤਸ਼ਾਹ ਜੀ ਅਗੇ ਭੇਟਾਂ ਧਰ ਮੱਥਾ ਟੇਕਿਆ। ਕੁਛ ਹੋਰ ਭੇਟਾ ਵੀ ਮੱਥਾ ਟੇਕੀ । ਬਹੁਤ ਵਾਰ ਵੇਖਿਆ ਹੈ ਕਿ ਸਤਿਗੁਰੂ ਜੀ ਵਖਾਵੇ ਦੀ ਇੱਛਾ ਨਾਲ ਮੱਥਾ ਟੇਕਣ ਵਾਲਿਆਂ ਵਲ ਗਹੁ ਨਹੀਂ ਕਰਦੇ, ਸੁਖਸਾਂਦ ਪੁੱਛਣ ਦੀ ਤਾਂ ਗੱਲ ਵੱਖਰੀ ਹੈ । ਬੇਵਖਾਵਾ ਨਮਸਕਾਰ ਉਨ੍ਹਾਂ ਨੂੰ ਵਧੇਰੇ ਜਚਦੀ ਹੈ ।

ਦੋ ਤਿੰਨ ਸੱਜਣ ਕੁਝ ਮਸਲਿਆਂ ਤੇ ਗੱਲ ਕਰਨ ਲਈ ਉਚੇਚੇ ਬੁਲਾਏ ਸਨ, ਉਨ੍ਹਾਂ ਨੂੰ ਕੋਲ ਸੱਦ ਕੇ ਆਖਿਆ : ਸੱਦਿਆ ਸੀ ਤਹਾਨੂੰ ਕਿ ਤੁਹਾਡੇ ਨਾਲ ਸਾਰੀ ਗੱਲਬਾਤ ਬੈਠ ਕੇ ਵਿਚਾਰਾਂਗੇ ਪਰ ਅਜ ਝਮੇਲੇ ਏਨੇ ਵਧ ਹੋਏ ਹਨ ਕਿ ਤੁਹਾਨੂੰ ਮਿਲ ਨਹੀਂ ਸਕਣਾ । ਹੁਣ ਫੇਰ ਤੇ ਸਹੀ ।

ਉਨ੍ਹਾਂ ਸਿੰਘਾਂ ਹੱਥ ਜੋੜ, ਪ੍ਰਸੰਨ ਮੁਦ੍ਰਾ ਵਿਚ ਹੀ ਵਾਪਸ ਜਾਣ ਲਈ ਨਮਸਕਾਰ ਕੀਤੀ ।

## ਮਾਸਟਰ ਧੌਣ ਭੰਨ

ਇਕ ਸਰੀਰ ਜਿਸਦਾ ਨਾਮ ਮਾਸਟਰ ਸੋਹਣ ਸਿੰਘ 'ਧੌਣ ਭੰਨ' ਹੈ, ੭੨ ਵਰ੍ਹਿਆਂ ਦਾ ਹੋਣ ਉਪਰੰਤ, ੧੨.੬.੭੮ ਨੂੰ ਰਮੇਸ਼ ਨਗਰ, ਨਵੀਂ ਦਿੱਲੀ ਦੀ ਨਾਮਧਾਰੀ



ਠਾਕਰ ਦਲੀਪ ਸਿੰਘ ਜੀ

ਧਰਮਸਾਲਾ ਵਿਚ, ਆਸਾ ਦੀ ਵਾਰ ਦੇ ਕੀਰਤਨ ਪਿਛੋਂ, ਚਰਨੀਂ ਆ ਲਗਾ । ਕਹਿਓ ਸੁ : ਕ੍ਰਿਪਾ ਨਿਧਾਨ; ਹੁਣ ਮੇਰਾ ਜੀ ਕਰਦਾ ਹੈ ਆਪ ਜੀ ਦੀ ਸੇਵਾ ਵਿਚ ਆ ਜਾਵਾਂ । ਬੱਚਿਆਂ ਨੇ ਮਾਂ ਸੰਭਾਲ ਲਈ ਹੈ ਅਤੇ ਮੇਰਾ ਜੀ ਤੁਹਾਡੇ ਪਾਸ ਆਉਣ ਤੇ ਕਰਦਾ ਹੈ ।

ਸਤਿਗੁਰੂ ਜੀ ਨੇ ਤੁਰਤ ਪਰਵਾਨਗੀ ਦਿਤੀ । ਉਸੇ ਵਕਤ ਠੇਕੇਦਾਰ ਗੁਰਬਚਨ ਸਿੰਘ ਰਾਜੌਰੀ ਗਾਰਡਨ ਵਾਲਿਆਂ ਨੂੰ ਬੁਲਾਕੇ ਆਗਿਆ ਕੀਤੀ : ਇਹਨਾਂ ਨੂੰ ਜਦੋਂ ਤੁਸਾਂ ਲੜ ਕੇ ਦੋ ਅਨੰਦ ਕਾਰਜ ਵਾਸਤੇ (੧੪.੬.੭੮) ਭੈਣੀ ਸਾਹਿਬ ਜਾਣਾ ਹੈ,ਹਿਫਾਜ਼ਤ ਨਾਲ, ਨਾਲ ਲੈ ਚਲਣਾ । ਤੁਹਾਡਾ ਬੰਦਾ ਭਾਵੇਂ ਕਿਸੇ ਹੋਰ ਸਵਾਰੀ ਤੇ ਚਲਾ ਜਾਵੇ ਪਰ ਇਨ੍ਹਾਂ ਨੂੰ ਆਰਾਮ ਵਾਸਤੇ ਖੁਲ੍ਹੀ ਸੀਟ ਦੇ ਕੇ ਲੈ ਜਾਣਾ ।

ਮੈਂ ਉਸ ਵੇਲੇ ਕੋਲ ਹੀ ਸਾਂ । ਸ੍ਰੀ ਹਜ਼ੂਰ ਮੈਨੂੰ ਮੁਖਾਤਿਬ ਹੋਏ : ਇਹਨਾਂ ਨੂੰ ਚਿਰ ਦਾ ਆਖਿਆ ਹੋਇਆ ਸੀ. ਬੁਢਾਪੇ ਵਿਚ ਰੁਲਣਾ ਨਾ । ਭੈਣੀ ਸਾਹਿਬ ਆ ਜਾਣਾ । ਓਦੋਂ ਇਨ੍ਹਾਂ ਨੇ ਕਿਹਾ ਸੀ ਕਿ ਜਦੋਂ ਵੀ ਮੈਂ ਯੋਗ ਸਮਝਾਂਗਾ ਅਰਜ਼ ਕਰ ਦਿਆਂਗਾ । ਅੱਜ ਇਹਨਾਂ ਆਣ ਆਖਿਆ ਹੈ— ਆਪਣੇ ਪਾਸ ਲੈ ਚਲੋ ।

ਸੋ ਇਹ ਸੱਜਣ ਅੱਜ ਭੈਣੀ ਸਾਹਿਬ ਵਿਖੇ ਗੁਰੂ ਚਰਨਾਂ ਵਿਚ ਹਾਜ਼ਰ ਹੋਇਆ । ਉੱਚਾ ਲੰਮਾ, ਸਿੱਧਾ ਤਣਿਆ, ਸਫੈਦ ਬਸਤਰ, ਰੰਗੀਨ ਚਸ਼ਮੇ, ਛੋਟੇ ਘੇਰ ਦੀ ਦਾੜ੍ਹੀ ।



Sri Satguru Jagjit Singh Ji Elibrary NamdhariElibrary@gmail.com



ਸੋਹਣ ਸਿੰਘ ਧੌਣ ਭੰਨ

ਨਮਸਕਾਰ ਆ ਕੀਤੀ। ਸਤਿਗੁਰਾਂ ਪੁਛਿਆ : ਰਾਹ ਵਿਚ ਕੋਈ ਮੁਸ਼ਕਲ ਤਾਂ ਨਹੀਂ ਆਈ ? ਆਰਾਮ ਨਾਲ ਆਏ ? ਸਿੰਘ ਨੇ ਸੰਤੁਸ਼ਟਤਾ ਦੱਸੀ।

ਸਤਿਗੁਰਾਂ ਠਾਕਰ ਜੀ ਨੂੰ ਫੁਰਮਾਇਆ : ਇਹਨਾਂ ਨੂੰ ਫਲੱਸ਼ ਟੱਟੀ ਯੁਕਤ ਕੋਈ ਕਮਰਾ ਸਾਫ਼ ਕਰਵਾ ਦਿਓ, ਅਤੇ ਇਕ ਨੌਜਵਾਨ ਇਹਨਾਂ ਦੀ ਸੇਵਾ ਵਿਚ ਲਾ ਦਿਓ ਜੋ ਸੁਚੱਜ ਨਾਲ ਸੇਵਾ ਕਰ ਸਕੇ। ਠਾਕਰ ਜੀ ਨੇ 'ਸਤਿ ਬਚਨ ਜੀ' ਕਹਿ ਕੇ ਇਕ ਨੌਜਵਾਨ ਨੂੰ ਵਕਤੀ ਤੌਰ ਤੇ ਤੁਰਤ ਨਾਲ ਭੇਜ ਦਿਤਾ।

ਮਾਸਟਰ ਸੋਹਣ ਸਿੰਘ ਧੌਣ ਭੰਨ ਨਾਮਧਾਰੀ ਦਸਤਾਰ ਬੰਨ੍ਹਣ ਦਾ ਉਸਤਾਦ ਹੈ। ਬਚਪਨ ਵਿਚ ਵੇਖਿਆ ਹੈ ਇਹ ਬਣਦਾ ਫਬਦਾ ਜੁਆਨ ਜਦੋਂ ਦੀਵਾਨ ਵਿਚ ਆਉਂਦਾ ਸੀ ਸਭ ਦੀਆਂ ਅੱਖਾਂ ਇਹਦੇ ਵਲ ਹੋ ਜਾਂਦੀਆਂ ਸਨ। ਓਦੋਂ ਇਹ ਸ੍ਰ: ਆਤਮਾ ਸਿੰਘ ਰਾਈਸਿ ਆਜ਼ਮ ਰਾਵਲਪਿੰਡੀ ਨਾਲ ਰਿਹਾ ਕਰਦਾ ਸੀ। ਜੇ ਕਦੇ ਕਿਸੇ ਨਾਲ ਹੱਥੋਂਪਾਈ ਦੀ ਨੌਬਤ ਆ ਜਾਂਦੀ ਤਾਂ ਇਹ ਅਗਲੇ ਦੀ ਧੌਣ ਉਤੇ ਇੰਨੇ ਜ਼ੋਰ ਦੀ ਹੱਥ ਦੀ ਗਿੱਚੀ ਮਾਰਦਾ ਕਿ ਮਨੁੱਖ ਨੂੰ ਕਈ ਕਈ ਦਿਨ ਧੌਣ ਉੱਖੜੀ ਉੱਖੜੀ ਲਗਦੀ। ਸਕੂਲ ਦੀ ਤਾਲੀਮ ਵੀ ਸੀ ਤੇ ਖੇਡਾਂ ਵਿਚ ਵੀ ਰੁਚੀ ਰਖਦਾ ਸੀ। ਅੱਜ ਸਰੀਰ ਨਿਤਾਣਾ ਹੋਇਆ ਪਿਆ ਹੈ।

ਫਿਰ, ਸਾਨੂੰ ਸਭ ਨੂੰ ਵਿਦਾ ਕਰ ਦਿਤਾ ਗਿਆ। ਸਤਿਗੁਰੂ ਜੀ ਠਾਕਰ ਜੀ ਨਾਲ ਇਕੱਲਿਆਂ ਬੈਠ ਕੇ ਗਲਬਾਤ ਕਰਦੇ ਰਹੇ। ਭੈਣੀ ਸਾਹਿਬ ਵਿਚ ਮੁਖ ਪ੍ਰਬੰਧਕ ਦੇ ਤੌਰ ਤੇ ਠਾਕਰ ਜੀ ਹੀ ਕੰਮ ਕਰ ਰਹੇ ਹਨ। ਸੋ ਪ੍ਰਬੰਧ ਸੰਬੰਧੀ ਸੂਚਨਾਵਾਂ ਅਤੇ ਆਗਿਆਵਾਂ ਲਈਆਂ ਦਿਤੀਆਂ ਗਈਆਂ। ਠਾਕਰ ਜੀ ਨੇ ਅੱਜ ੩-੪ ਦਿਨ ਜੀਵਨ ਨਗਰ ਜਾਣ ਦੀ ਵੀ ਸਤਿਗੁਰੂ ਜੀ ਤੋਂ ਛੁੱਟੀ ਲਈ।

## ਵਿਸ਼ੇਸ਼ ਚਹਿਲ ਪਹਿਲ

ਭੈਣੀ ਸਾਹਿਬ ਵਿਚ ਵਿਸ਼ੇਸ਼ ਚਹਿਲ ਪਹਿਲ ਹੈ ਅੱਜ। ਸਤਿਗੁਰੂ ਜੀ ਦੇ ਆਗਮਨ ਦੀ ਖ਼ਬਰ ਮਿਲਦਿਆਂ ਵੀ ਲੋਕ ਇਕੱਤਰ ਹੋ ਜਾਂਦੇ ਹਨ, ਵਿਹਾਰਕਾਰ ਨਾਲ ਸੰਬੰਧਤ ਸਿੰਘ ਉਡੀਕਦੇ ਰਹਿੰਦੇ ਹਨ ਪਰ ਅੱਜ ਤਾਂ ਦੂਰ ਦਰਾਜ਼ ਤੋਂ ਸਵੇਰੇ ਅਨੰਦ ਕਾਰਜ ਕਰਵਾਣ ਵਾਲੇ ਵੀ ਪਹੁੰਚੇ ਹੋਏ ਹਨ।

ਸਵੇਰੇ ਗੁਰੂ ਕੀ ਹਜ਼ੂਰੀ ਵਿਚ ਤਿੰਨ ਵਿਆਹ ਹੋਣੇ ਹਨ। ਸ. ਕਰਤਾਰ ਸਿੰਘ ਢਾਲਾ, ਦੇਵਰੀਆ ਯੂ.ਪੀ. ਵਾਲਿਆਂ ਦੀਆਂ ਦੋਹਾਂ ਪੁੱਤਰੀਆਂ ਦੇ ਅਨੰਦ ਕਾਰਜ ਵੀ ਕਲ ਹਨ। ਵੱਡੀ ਦਾ ਠੇਕੇਦਾਰ ਗੁਰਬਚਨ ਸਿੰਘ ਰਾਜੌਰੀ ਗਾਰਡਨ ਦੇ ਲੜਕੇ ਗੁਰਨਾਮ ਸਿੰਘ ਨਾਲ, ਛੋਟੀ ਦਾ ਜਲੰਧਰ ਵਾਲੇ ਸ: ਸੁਰਾਇਣ ਸਿੰਘ ਦੇ ਸਪੁਤਰ ਨਿਰਮਲ ਸਿੰਘ ਨਾਲ। ਇਕ ਜ਼ਿਲਾ ਅੰਮ੍ਰਿਤਸਰ ਦੇ ਪਿੰਡ ਖਿਆਲਾ ਦੇ ਸਵਰਗਵਾਸੀ ਸੂਬਾ ਹਰਨਾਮ ਸਿੰਘ ਜੀ ਦੀ ਪੋਤਰੀ ਦਾ ਅਨੰਦ ਕਾਰਜ ਜ਼ਿਲਾ ਗੁਰਦਾਸਪੁਰ ਦੇ ਇਕ ਨੌਜੁਆਨ ਨਾਲ ਹੋਣਾ ਹੈ। ਇਸ ਤਰਾਂ ਧੇਤਿਆਂ-ਪੁਤੇਤਿਆਂ ਦੇ ਕੁਝ ਸੰਬੰਧੀ ਵੀ ਪਹੁੰਚੇ ਹੋਏ ਹਨ।

## ਅਨੰਦ ਕਾਰਜ

ਜਦ ਤਕ ਮੈਂ ਦੀਵਾਨ ਵਿਚ ਹਾਜ਼ਰ ਹੋਇਆ ੫.੩੦ ਵਜ ਚੁਕੇ ਸਨ। ਆਸਾ ਦੀ ਵਾਰ ਸਮਾਪਤ ਹੋ ਕੇ, ਤ੍ਰੈਵੇ ਅਨੰਦਕਾਰਜ ਅਤੇ ਇਨ੍ਹਾਂ ਦੇ ਸ਼ੁਭ ਸ਼ੁਭ ਲਈ ਸਧਾਰਨ ਪਾਠਾਂ ਦੇ ਭੋਗ ਵੀ ਪਾਏ ਜਾ ਚੁਕੇ ਸਨ। ਇਹ ਸਾਰਾ ਪ੍ਰੋਗਰਾਮ ਹਰੀਮੰਦਰ ਦੇ ਉਤਰੀ ਪਾਸੇ ਬੋਹੜ ਦੇ ਨਾਲ ਖੁਲ੍ਹੀ ਜਗਾਹ ਉਤੇ ਹੋ ਰਿਹਾ ਸੀ। ਮੇਰੇ ਜਾਂਦਿਆਂ ਨੂੰ ਸ੍ਰੀ ਸਤਿਗੁਰੂ ਜੀ ਦੇ ਸਨਮੁਖ ਇਕ ਸਫ਼ ਉਤੇ ਵਿਆਹਾਂ ਵਾਲੇ ਸੰਬੰਧੀ ਬੈਠੇ ਸਨ ਅਤੇ "ਵਰਿਆਮ" ਸੰਪਾਦਕ ਜਗਦੀਸ਼ ਸਿੰਘ ਤਕਰੀਰ ਕਰ ਰਿਹਾ ਸੀ। ਵਿਸ਼ਾ ਸੀ : ਦਿੱਤ ਦਾਜ ਨਾ ਲੈਣਾ ਦੇਣਾ।

ਸਤਿਗੁਰੂ ਜੀ ਦੀ ਆਗਿਆ ਵਿਸਥਾਰ ਨਾਲ ਸੁਣਾਈ



Sri Satguru Jagjit Singh Ji Elibrary NamdhariElibrary@gmail.com

ਜਾ ਰਹੀ ਸੀ। ਜੋ ਕੁਝ ਮੈਂ ਸੁਣਿਆ, ਉਸ ਅਨੁਸਾਰ, ਮੰਗਣੇ ਦੀ ਰਸਮ ਉੱਕਾ ਹੀ ਬੰਦ ਕਰ ਦਿਤੀ ਗਈ ਸੀ, ਇਸ ਬਾਰੇ ਤਾਂ ਅਰਦਾਸਾ ਤਕ ਵੀ ਨਾ ਕਰਨ ਦਾ ਆਦੇਸ਼ ਸੀ।

ਸਤਿਗੁਰਾਂ ਮੈਨੂੰ ਨਮਸਕਾਰ ਦੇ ਉੱਤਰ ਵਿਚ ਫ਼ਰਮਾਇਆ ਤੁਸੀਂ ਵੇਲੇ ਸਿਰ ਕੋਲ ਹੁੰਦੇ ਤਾਂ ਤੁਹਾਥੋਂ ਇਹ ਗੱਲਾਂ ਕਰਵਾਣੀਆਂ ਸਨ। ਜਗਦੀਸ਼ ਸਿੰਘ ਦੇ ਮਾਮਿਆਂ ਘਰ ਵਿਆਹ ਹੈ।

ਵਿਨੋਦ ਨਾਲ ਹੀ ਇਹ ਬਚਨ ਸੀ। ਨਹੀਂ ਤਾਂ ਹਰ ਕਿਸੇ ਨੂੰ ਇਹ ਪਤਾ ਸੀ ਕਿ ਜਗਦੀਸ਼ ਤਾ 'ਹਉ ਆਪਹੁ ਬੋਲਿ ਨ ਜਾਣਦਾ ਸਭ ਕਹਿਆ ਗੁਰ ਹੁਕਮਾਉ ਜੀਉ।' ਵਾਂਗ ਧੁਰਕੀ ਬਾਣੀ ਹੀ ਸੁਣਾ ਰਿਹਾ ਸੀ।

ਸਮਾਪਤੀ ਉਪਰੰਤ ਸਤਿਗੁਰੂ ਜੀ ਕੋਠੀ ਆ ਗਏ। ਉਪਰਲੀ ਛੱਤੇ, ਜੰਗਲੇ ਨਾਲ ਮੰਜੇ ਦਾ ਉਹਲਾ ਕਰਕੇ, ਅਤੀ ਜ਼ਰੂਰੀ ਵਿਹਾਰੀਆਂ ਨਾਲ ਵਿਹਾਰ ਕਾਰ ਦੇ ਬਚਨ ਕਰਦੇ ਥੋੜਾ ਜਲਪਾਨ ਕਰਨ ਲਗੇ। ਹੁਣੇ ਹੀ ਆਪ ਨੇ ਦਿਲੀ ਵਾਸਤੇ ਚਲ ਪੈਣਾ ਸੀ।

ਹੇਠਾਂ, ਤਿਆਰ ਖਲੋਤੀ ਪੀ. ਯੂ. ਐਨ. ੧੩ ਕਾਰ ਅਤੇ ਗੁਰਮੁਖ ਸਿੰਘ ਡਰਾਈਵਰ ਬਹੁਤ ਸਾਰੇ ਇਸਤਰੀ ਪੁਰਸ਼ਾਂ ਨਾਲ ਸਤਿਗੁਰੂ ਜੀ ਦੀ ਉਡੀਕ ਕਰ ਰਹੇ ਸਨ। ਮਾਤਾ ਜੀ ਏਥੇ ਹੀ ਹੋਰ ਬੀਬੀਆਂ ਨਾਲ ਇੰਤਜ਼ਾਰ ਵਿਚ ਸਨ।

### ਦਿਲੀ ਨੂੰ ਕੂਚ

ਸਤਿਗੁਰੂ ਜੀ ੬.੩੦ ਵਜੇ ਹੀ ਉਪਰਲੀ ਛੱਤੋਂ ਉਤਰੇ ਸਭ ਪਾਸੇ ਖੁਸ਼ੀਆਂ ਛਾ ਗਈਆਂ। ਨਮਸਕਾਰਾਂ ਹੋਈਆਂ। ਹਰ ਕਿਸੇ ਨੂੰ ਦੋ ਮਿੱਠੇ ਸ਼ਬਦ ਕਹਿੰਦੇ ਸਤਿਗੁਰੂ ਕਾਰ ਵਿਚ ਬੈਠੇ। ਇਸ ਕਾਰ ਵਿਚ ਮਾਤਾ ਜੀ, ਪੂਰਬਾ ਅਤੇ ਝੱਬਰ ਕਿਰਪਾਲ ਸਿੰਘ ਵੀ ਬੈਠ ਗਏ। ਕਾਰ ਜੈਕਾਰੇ ਦੀ ਅਵਾਜ਼ ਵਿਚ ਅਗਾਂਹ ਨੂੰ ਰੁਮਕ ਪਈ।

ਦਸਿਆ ਗਿਆ ਕਿ ਦਿੱਲੀ ਵਿਚ ਅੱਜ ਸੰਤ ਸੇਵਾ ਸਿੰਘ ਜਥੇਦਾਰ ਦੀ ਪੁੱਤਰੀ ਨਮਿਤ ਭੋਗ ਹੈ। ਇਸ ਸਮੇਂ ਸਤਿਗੁਰੂ ਜੀ ਨੇ ਦਰਸ਼ਨ ਦੇਣੇ ਹਨ। ਅਤੇ ਕੱਲ ਨੂੰ ਸ੍ਰੀ ਹਜ਼ੂਰ ਨੇ ਸਹਿ ਯਾਤਰੀਆਂ ਨਾਲ ਥਾਈਲੈਂਡ ਦੀ ਰਾਜਧਾਨੀ ਬੈਂਕੋਕ ਲਈ ਹਵਾਈ ਸਫ਼ਰ ਕਰਨਾ ਹੈ। ਵਾਪਸੀ ਸ਼ਾਇਦ ੨੨-੬-੭੮ ਨੂੰ ਹੋਵੇ।

ਅਤੇ ਮੈਂ ਜਲੰਧਰ ਨੂੰ ਧਾਹੀ ਕਰ ਲਈ। ਮੈਂ ਵੀ ਸਰਬ ਪਾਰਟੀ ਕਨਵੈਨਸ਼ਨ ਵੇਖਕੇ ਹੀ ਅਗਲੇ ਪ੍ਰੋਗਰਾਮ ਬਣਾਵਾਂਗਾ।



ਸਵਰਨ ਸਿੰਘ ਸਨੇਹੀ

---

### ੧੮ ਜੂਨ ੧੯੭੮ ਐਤਵਾਰ
### ਜਲੰਧਰ

### ਸਰਬ ਪਾਰਟੀ ਕਨਵੈਨਸ਼ਨ

ਅੱਜ ੧੧ ਵਜੇ ਜਲੰਧਰ ਦੇ ਦੇਸ਼ ਭਗਤ ਹਾਲ ਵਿਚ ਪੰਜਾਬ ਪ੍ਰਾਂਤ ਲਈ ਅਮਨ ਦੀਆਂ ਇਛਕ ਪਾਰਟੀਆਂ ਅਤੇ ਵਿਅਕਤੀ ਇਕ ਕਨਵੈਨਸ਼ਨ ਦੇ ਰੂਪ ਵਿਚ ਜੁੜ ਬੈਠੇ। ਕਾਮਰੇਡ ਸੋਹਣ ਸਿੰਘ ਜੋਸ਼ ਪ੍ਰੀਜ਼ੀਡੀਅਮ ਦੇ ਪ੍ਰਧਾਨ ਸਨ। ਕਮਿਊਨਿਸਟ ਪਾਰਟੀ ਦੀ ਪਹਿਲ ਕਦਮੀ ਨਾਲ ਬੁਲਾਈ ਗਈ ਇਹ ਕੰਨਵੈਨਸ਼ਨ ਸਫਲ ਸੀ। ੫ ਤੋਂ ੬੦੦ ਤਕ ਆਦਮੀ ਇਸ ਵਿਚ ਸ਼ਾਮਲ ਹੋਏ, ੫੦ ਦੇ ਲਗਭਗ ਨਾਮਧਾਰੀ ਵੀ ਹਾਜ਼ਰ ਸਨ।

ਪ੍ਰਜ਼ੀਡੀਅਮ ਵਿਚ ਕਾਂਗਰਸ, ਇੰਦਰਾ ਕਾਂਗਰਸ, ਸੀ. ਪੀ. ਆਈ., ਰਿਪਬਲਿਕਨ ਪਾਰਟੀ (ਖੋਬਰਾ ਗਾਡੇ) ਅਤੇ ਦੂਜਾ ਗਰੁਪ, ਪੰਜਾਬ ਲੋਕ ਇਸਤਰੀ ਸਭਾ, ਪੁਲੀਟੀਕਲ ਸਫਰਰਾਂ ਦੇ ਮੁਖੀ ਸਜਣ ਬੈਠੇ ਸ਼ਨ। ਸਤਵੀਂ ਕੁਰਸੀ ਤੇ ਨਾਮਧਾਰੀ ਸਿੰਘ ਜਥੇਦਾਰ ਮੇਲਾ ਸਿੰਘ ਵੀ ਸ਼ੋਭ ਰਿਹਾ ਸੀ।



Sri Satguru Jagjit Singh Ji Elibrary NamdhariElibrary@gmail.com

ਕਾਮਰੇਡ ਮਲਹੋਤਰਾ ਵਲੋਂ ਪੇਸ਼ ਕੀਤਾ ਮਤਾ ਸਰਬ ਸੰਮਤੀ ਨਾਲ ਪਰਵਾਨ ਕੀਤਾ ਗਿਆ। ਇਸਦਾ ਮਨੋਰਥ ਸੀ: ਸੂਬੇ ਦੇ ਅਮਨ ਨੂੰ ਬਰਕਰਾਰ ਰਖਣ ਲਈ ਸਰਕਾਰ ਵਲੋਂ ਸਰਬ ਪਾਰਟੀ ਮੀਟਿੰਗ ਬੁਲਾਈ ਜਾਇ। ਅਜਿਹਾ ਜ਼ਾਬਤਾ ਬਣਾਇਆ ਜਾਇ ਜਿਸ ਨਾਲ ਬਹੁਤੀ ਗਿਣਤੀ ਵਾਲੇ ਧਾਰਮਿਕ ਧੜੇ ਮਾੜਿਆਂ ਤੇ ਘੱਟ ਗਿਣਤੀ ਵਾਲਿਆਂ ਨਾਲ ਧੱਕਾ ਜ਼ਿਆਦਤੀ ਨਾ ਕਰਨ। ਪੰਜਾਬ ਦੀ ਸਰਕਾਰ ਧਾਰਮਕ ਮਨੌਤਾਂ ਤੋਂ ਉਪਰ ਉਠ ਕੇ ਕੰਮ ਕਰੇ।

ਨਾਮਧਾਰੀਆਂ ਵਿਚੋਂ ਸ੍ਰੀ ਸਵਰਨ ਸਿੰਘ ਸਨੇਹੀ ਨੇ ਵੀ ਆਪਣੇ ਵਿਚਾਰ ਪਰਗਟ ਕੀਤੇ।

ਅੱਜ ਦੇ 'ਨਵਾਂ ਜ਼ਮਾਨਾ' ਰੋਜ਼ਾਨਾ ਵਿਚ ਮੇਰਾ ਲੇਖ ਪਹਿਲੇ ਪੇਜ ਤੇ ਸੀ, ਜਿਸ ਵਿਚ ਧਾਰਮਗ ਅਦਾਰਿਆਂ ਦੀ ਗੁਰੂ ਰਾਮ ਸਿੰਘ ਜੀ ਵਲ ਪਹੁੰਚ ਦੱਸਕੇ ਲਿਖਿਆ ਸੀ ਕਿ ਅਕਾਲ ਤਖ਼ਤ ਅਮ੍ਰਿਤਸਰ ਨਾਮਧਾਰੀਆਂ ਵਾਸਤੇ ਵੀ ਫਤਵੇ ਸਾਦਰ ਕਰ ਚੁਕਾ ਹੈ। ਫਤਵੇ ਹੁਣ ਤਕ ਤਾਂ ਦੇਸ਼ ਭਗਤ ਤਾਕਤਾਂ ਦੇ ਖਿਲਾਫ ਦਿਤੇ ਜਾਂਦੇ ਰਹੇ ਹਨ, ਹੁਣ ਬਾਕੀਕਾਟ ਦਾ ਹੁਕਮਨਾਮਾ ਅਕਾਲੀਆਂ ਦੀ ਸਰਦਾਰੀ ਹੇਠ ਜਾਰੀ ਹੋ ਗਿਆ ਹੈ।

ਕਨਵੈਨਸ਼ਨ ੨.੩੦ ਵਜੇ ਖ਼ਤਮ ਹੋਈ।

ਹਰ ਕੋਈ ਨਾਮਧਾਰੀਆਂ ਦੀ ਸ਼ਮੂਲੀਅਤ ਦਾ ਨੋਟਿਸ ਲੈ ਰਿਹਾ ਸੀ। ਸ੍ਰ: ਜਗਦੀਸ਼ ਸਿੰਘ "ਵਰਿਆਮ" ਨਾਮਧਾਰੀਆਂ ਵਲੋਂ ਇਸ ਕਨਵੈਨਸ਼ਨ ਵਿਚ ਸ਼ਹਿਯੋਗ ਦੇ ਰਹੇ ਸਨ।

## ੨੦ ਜੂਨ ੧੯੭੮ ਮੰਗਲਵਾਰ
## ਇਲਾਕਾ ਜੀਵਨ ਨਗਰ

੧੯-੬-੭੮ ਨੂੰ ਲੁਧਿਆਣਿਓਂ ਬਸ ਫੜਕੇ ਰਾਣੀਆਂ (ਸਰਸਾ) ੪ ਕੁ ਵਜੇ ਪਹੁੰਚ ਸਕਿਆ। ਡੇਢ ਕੁ ਘੰਟਾ ਆਪਣੀ ਵਡੀ ਲੜਕੀ ਉਪਮੇਸ਼ ਅਤੇ ਦਾਮਾਦ ਬਲਬੀਰ ਸਿੰਘ ਦਿਲੋਂ ਨੂੰ ਮਿਲਕੇ ਸੰਤ ਨਗਰ ਵਾਸਤੇ ਬਸ ਲਈ। ਉਪਮੇਸ਼ ਵੀ ਆਪਣੇ ਘਰ ਮੈਥੋਂ ੧੫ ਕੁ ਮਿੰਟ ਪਹਿਲਾਂ ਦਿੱਲੀਓਂ ਆਈ ਸੀ। ਉਸ ਦੀ ਮਾਂ, ਆਪਣੀ ਮਾਂ ਦੇ ਅਫਸੋਸ ਨੂੰ ਵੀ ਅੱਜ ਹੀ ਗਈ ਸੀ।

### ਫਰੀਦ ਜੀ ਕੁਲੂ ਨੂੰ

ਮੇਰੇ ਸੰਤ ਨਗਰ ਜਾਣ ਤਕ, ਇਸ ਪਿੰਡ ਦੇ ਆਗੂ ਸੰਤ ਬਾਬਾ ਫਰੀਦ ਜੀ ਆਪਣੇ ਸਾਥੀਆਂ ਸਮੇਤ ਕੁੱਲੂ (ਹਿਮਾਚਲ ਪ੍ਰਦੇਸ਼) ਵਾਸਤੇ ਕੂਚ ਕਰ ਚੁਕੇ ਸਨ। ਉਹਨਾਂ ਕੁਲੂ ਵਿਖੇ ਸੰਤ ਨਿਰੰਜਣ ਸਿੰਘ ਦੇ ਘਰ ੨੨-੬-੭੮ ਨੂੰ ਅਖੰਡ ਪਾਠ ਰਖਣਾ ਹੈ। ਜਿਥੇ ੨੩-੬ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਆਉਣ ਦੀ ਸੰਭਾਵਨਾ ਵੀ ਹੈ।

ਮੈਨੂੰ ਫਰੀਦ ਜੀ ਨਾਲ ਦੋ ਕੰਮ ਸਨ। ਇਕ ਤਾਂ ਉਨ੍ਹਾਂ ਨੂੰ ਦੱਸਣਾ ਸੀ ਕਿ ਸ੍ਰੀਮਾਨ ਸੰਤ ਆਲਾ ਸਿੰਘ ਹੁਰਾਂ ਉਤੇ ਉਨ੍ਹਾਂ ਦੀ ਲਿਖੀ ਪੁਸਤਕ, ਦਿੱਲੀ ਵਿਚ ਤਾਂ ਅਗਲੇ ਮਹੀਨੇ ਹੀ ਕੰਪੋਜ਼ ਹੋਣੀ ਸ਼ੁਰੂ ਹੋ ਸਕੇਗੀ। ਦੂਜਾ ਮੇਰਾ ਇਕ ਨਿਜੀ ਕੰਮ ਸੀ।

### ਮਸਤਾਨਗੜ੍ਹ ਦਰਸ਼ਨ

ਸਵੇਰੇ ਦਿਨ ਚੜਨ ਦੇ ਨਾਲ ਹੀ ਮੈਂ ਪੈਦਲ ਬੁਢੀ ਮਾੜੀ (ਰਾਮਪੁਰ) ਨੂੰ ਤੁਰ ਪਿਆ। ੭ ਵਜੇ ਦੇ ਕਰੀਬ ਮਸਤਾਨਗੜ੍ਹ ਪੁਜਾ। ਸੰਤ ਵੀਰ ਸਿੰਘ (ਸ਼ਾਇਦ ਭੋਮਾ ਵਡਾਲਾ ਵਾਲੇ) ਮੈਨੂੰ ਮਸਤਾਨਗੜ੍ਹ ਦੇ ਮੁਖੀ ਪਾਸ ਲੈ ਗਏ। ਇਹ ਮੁਖੀਆ ਸੰਤ ਪੂਰਨ ਸਿੰਘ ਅਮਰਾਸਰੀਆ ਹੈ। ਇਸਦੇ ਦੋ ਲੜਕੇ ਮੈਨੂੰ ਨਾਮਧਾਰੀ ਫਾਰਮ ਯੂ. ਪੀ. ਵਿਚ ਵੀ ਸੇਵਾ ਕਰਦੇ ਮਿਲੇ ਸਨ। ਦੋ ਲੜਕੇ ਏਥੇ ਸੇਵਾ ਕਰ ਰਹੇ ਹਨ। ਸੰਤ ਸੁਘੜ ਨਰ ਹੈ।

ਮਸਤਾਨਗੜ੍ਹ ਵਿਖੇ ਸਤਿਗੁਰੂ ਜੀ ਦੀ ਰਿਹਾਇਸ਼ ਵਾਸਤੇ ਕੋਠੀ ਬਣੀ ਹੋਈ ਹੈ। ਬਹੁਤ ਸਾਰੇ ਸਰੀਰ ਨਾਲ ਲਗਦੀ ਜ਼ਮੀਨ ਅਤੇ ਕੋਠੀ ਦੀ ਹਿਫਾਜ਼ਤ ਦੀ ਜ਼ਿਮੇਵਾਰੀ ਨਿਭਾਉਂਦੇ ਹਨ। ਗਰਮੀ ਬੜੀ ਤੇਜ਼ੀ ਨਾਲ ਵਧ ਰਹੀ ਹੈ। ਪੂਰਨ ਸਿੰਘ ਜੀ ਨੇ ਮੇਰਾ ਹਾਰਦਿਕ ਸੁਆਗਤ ਕੀਤਾ ਅਤੇ ਮੇਰੇ ਕਹਿਣ ਤੇ ਸ੍ਰੀ ਸਤਿਗੁਰੂ ਜੀ ਦੇ ਸਕੇ ਮਾਮਾ ਅਤੇ ਫੀਰੋਜ਼ਪੁਰ ਜ਼ਿਲੇ ਦੇ ਪੁਰਾਣੇ ਸੂਬਾ ਮੀਹਾਂ ਸਿੰਘ ਜੀ ਨੂੰ ਮਿਲਾਇਆ।

### ਸੂਬਾ ਮੀਹਾਂ ਸਿੰਘ ਜੀ

ਮੀਹਾਂ ਸਿੰਘ ਜੀ ਦਾ ਡੇਰਾ ਇਕ ਖੇਤ ਵਿਚ ਪਈ ਦੋ ਕਮਰਿਆਂ ਵਾਲੀ ਕੁਟੀਆ ਵਿਚ ਹੈ। ਇਸ ਨੂੰ ਸੂਬਾ ਮੀਂਹਾਂ ਸਿੰਘ ਦਾ ਖੇਤ ਕਹਿੰਦੇ ਹਨ। ਸਾਧਾਰਨ ਜਿਹੇ ਕਮਰਿਆਂ ਵਿਚ ੯੦ ਸਾਲਾਂ ਦਾ ਬਿਰਧ ਇਕੋ ਅੱਖ ਦੀ ਰੋਸ਼ਨੀ ਨਾਲ ਨਾਮਧਾਰੀ ਨਿਤਨੇਮ ਦੇ ਗੁਟਕੇ ਤੋਂ ਪਾਠ ਕਰ ਰਿਹਾ ਸੀ। ਉਪਰ ਛੱਤ ਤੇ ਪੱਖਾ ਚਲ ਰਿਹਾ ਸੀ। ਮੰਜੇ ਦੇ ਪਿਛਵਾੜੇ ਅਲਮਾਰੀਆਂ ਵਿਚ ਲੋਕਾਂ ਨੂੰ ਦੇਣ ਵਾਲੀਆਂ ਦਵਾਈਆਂ



Sri Satguru Jagjit Singh Ji Elibrary NamdhariElibrary@gmail.com

ਦੀਆਂ ਸ਼ੀਸ਼ੀਆਂ ਸਨ । ਉਹ ਕਾਫੀ ਉਚੀ ਸੁਣਦੇ ਹਨ । ਮੇਰੇ ਲਈ ਉਨ੍ਹਾਂ ਨਾਲ ਬਹੁਤੀਆਂ ਗੱਲਾਂ ਕਰਨਾ ਮੁਸ਼ਕਲ ਸੀ । ਉਨ੍ਹਾਂ ਪਾਸੋਂ ਮੈਂ ਮਾਤਾ ਭੁਪਿੰਦਰ ਕੌਰ ਜੀ ਬਾਰੇ ਕੁਝ ਵਾਕਫੀ ਲੈਣੀ ਚਾਹੁੰਦਾ ਸਾਂ ।

ਸੂਬਾ ਮੀਹਾਂ ਸਿੰਘ ਜੀ ਗੁਰੂ ਘਰ ਦੇ ਬੜੇ ਸ਼ਰਧਾਲੂ ਸਿਖ ਹਨ । ਇਹਨਾਂ ਆਪਣੀ ਜ਼ਮੀਨ, ਬਚਿਆਂ ਨਾਲੋਂ ਹਿਸੇ ਆਉਂਦੀ, ਗੁਰਦੁਆਰੇ ਨੂੰ ਭੇਟਾ ਕਰ ਦਿਤੀ ਹੈ । ਆਪਣੇ ਭੈਣ ਜੀ ਨੂੰ ਇਹ 'ਬੇਬੇ ਜੀ' ਸ਼ਬਦ ਨਾਲ ਸੰਬੋਧਨ ਕਰਦੇ ਸਨ । ਮੈਂ ਇਹਨਾਂ ਤੋਂ ਕੁਝ ਜ਼ਰੂਰੀ ਨੁਕਤਿਆਂ ਬਾਰੇ ਜਾਣਕਾਰੀ ਲਈ । ਸਤਿਗੁਰੂ ਜਗਜੀਤ ਸਿੰਘ ਜੀ ਜਦੋਂ ਵੀ ਮਸਤਾਨਗੜ੍ਹ ਆਉਂਦੇ ਹਨ ਤਾਂ ਆਪਣੇ ਇਸ ਜੀਵਤ ਮਾਮਾ ਜੀ ਨੂੰ ਜ਼ਰੂਰ ਦਰਸ਼ਨ ਦੇ ਕੇ ਜਾਂਦੇ ਹਨ ।

### ਅਮ੍ਰਿਤਸਰ ਕਲਾਂ ਵਿਚ

ਗਰਮੀ ਪਲੋ ਪਲ ਵੱਧ ਤੋਂ ਵਧੇਰੇ ਹੁੰਦੀ ਜਾ ਰਹੀ ਹੈ। ਮੈਂ ਨਾਲੀ (ਘਘਰ ਨਦੀ) ਸਿੰਘਾਂ ਵਲੋਂ ਬਣਾਈ ਗਈ ਪੁਲੀ ਤੋਂ ਪਾਰ ਕੀਤੀ । ਅੱਜ ਨਾਲੀ ਸਹੀ ਵਗ ਰਹੀ ਹੈ । ਅਮ੍ਰਿਤਸਰ ਕਲਾਂ, ਜਿਸ ਨੂੰ ਅਮਰਾਸਰ ਵੀ ਕਿਹਾ ਜਾਂਦਾ ਹੈ ਪਹੁੰਚ ਕੇ ਮਾਸਟਰ ਅਮਰੀਕ ਸਿੰਘ ਆਪਣੇ ਚਿਰ ਪੁਰਾਣੇ ਮਿਤਰ ਅਤੇ ਉਨ੍ਹਾਂ ਦੇ ਭਰਾਵਾਂ ਦਰਸ਼ਨ ਸਿੰਘ, ਮਾਨ ਸਿੰਘ, ਆਦਿ ਨੂੰ ਮਿਲ ਇਨ੍ਹਾਂ ਦੇ ਪਿਤਾ-ਮਾਤਾ, ਸੰਤ ਕਰਤਾਰ ਸਿੰਘ ਜੀ ਅਤੇ ਬੀਬੀ ਜੀ ਦੇ ਦਰਸ਼ਨ ਵੀ ਜਾ ਕੀਤੇ । ਕਰਤਾਰ ਸਿੰਘ ਜੀ ਘਰ ਸੰਤ ਤਰਨ ਸਿੰਘ 'ਵਹਿਮੀ' ਦੀ ਭੈਣ ਹੈ । ਕੁਝ ਗੱਲਬਾਤ ਕਰ, ਕੁਝ ਛਕਣ ਛਕਾਣ ਦੀ ਸੇਵਾ ਲੈ, ਇਹਨਾਂ ਦਾ ਹੀ ਸਾਈਕਲ ਫੜਕੇ ੧੦ ਵਜਦੇ ਨੂੰ ਸੰਤ ਤਰਨ ਸਿੰਘ ਵਹਿਮੀ ਦੇ ਘਰ ਬੁਢੀ ਮਾੜੀ ਜਾ ਪੁੱਜਾ ।

### ਸੰਤ ਤਰਨ ਸਿੰਘ ਵਹਿਮੀ

ਵਹਿਮੀ ਜੀ ਦੀ ਅੱਖੀਂ ਚਿੱਟਾ ਮੋਤੀਆ ਉਤਰਿਆ ਹੋਇਆ ਹੈ । ਉਪਰੇਸ਼ਨ ਦੀ ਉਡੀਕ ਵਿਚ ਹਨ । ਮੈਨੂੰ ਕਾਫੀ ਸਮਾਂ ਨਹੀਂ ਪਛਾਣਿਆ । ਮੇਰੀ ਆਵਾਜ਼ ਜਾਂ ਬੋਲਣ ਦਾ ਲਹਿਜਾ ਵੀ ਆਪ ਪਛਾਣ ਨਹੀਂ ਸਕੇ । ਜਦੋਂ ਦਸਿਆ ਗਿਆ ਕਿ ਮਿਲਣ ਆਇਆ ਪ੍ਰੀਤਮ ਸਿੰਘ ਕਵੀ ਹੈ ਤਾਂ ਬਹੁਤ ਸੰਤੁਸ਼ਟ ਹੋਏ । ਘੜੀ ਮੁੜੀ ਕਹਿਣ : ਬਹੁਤ ਚੰਗਾ ਕੀਤਾ, ਬੜੀ ਕਿਰਪਾ ਕੀਤੀ ਦਰਸ਼ਨ ਦੇਣ ਦੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਜੀਵਨ-ਕਥਾ 'ਜਸ-ਜੀਵਨ' ਦੇ ਲੇਖਕ ਪਾਸ ਮੈਂ ੨ ਵਜੇ ਤਕ ਰਿਹਾ । ਇਕ ਦੋ ਲਿਖਤਾਂ ਮੈਂ ਆਪਣੀਆਂ ਸੁਣਾਈਆਂ, ਬਹੁਤ ਪ੍ਰਸੰਨ ਹੋਏ ।

ਇਸ ਮੌਕੇ ਮੈਂ ਤਰਨ ਸਿੰਘ ਜੀ ਦੇ ਲੜਕੇ ਸੰਤ ਬਲੀ ਸਿੰਘ ਗੁਰਮੁਖ ਸਿੰਘ ਅਤੇ ਫੇਰ ਗੁਰਦੇਵ ਸਿੰਘ ਨੂੰ ਹੀ ਮਿਲ ਸਕਿਆ । ਆਪਣੇ ਮਿੱਤਰ ਸਾਧੂ ਸਿੰਘ ਕਿਸਾਨ ਨਾਲ ਮੇਲ ਨਹੀਂ ਹੋਏ ।

ਆਪਣੇ ਪ੍ਰੋਗਰਾਮ ਨੂੰ ਮੁਖ ਰਖਦਿਆਂ ਮੈਂ ਲੂਹ ਲੂਹ ਧਰਨ ਵਾਲੀ ਧੁੱਪ ਵਿਚ ਵਾਪਸੀ ਕਰ ਲਈ ।

## ੨੧ ਜੂਨ ੧੯੭੮ ਬੁੱਧਵਾਰ
## ਕਰੀਵਾਲਾ, ਵਡਾਣੀਆਂ ਦਾ ਬੇੜ

ਸਵੇਰੇ ੮ ਵਜੇ ਪੂਰਬੀ ਕਰੀ ਵਾਲੇ ਪਹੁੰਚਾ । ਮਨੋਰਥ ਸੀ ਸੰਤ ਗੁਰਮੁਖ ਸਿੰਘ ਝੱਬਰ ਤੋਂ ਮਾਤਾ ਭੁਪਿੰਦਰ ਕੌਰ ਜੀ ਬਾਰੇ ਕੁਝ ਤੱਥ ਜਾਣਨੇ ਅਤੇ ਉਹਨਾਂ ਦੇ ਲੜਕੇ ਸਵਰਨ ਸਿੰਘ ਨੂੰ ਸਰਪੰਚੀ ਦੀ ਮੁਬਾਰਕ ਦੇਣੀ । ਪਰ ਉਹ ੯ ਵਜੇ ਤਕ ਮੈਨੂੰ ਘਰ ਨਾ ਮਿਲੇ । ਖੇਤਾਂ ਵਿਚ ਗਏ ਹੋਏ ਸਨ । ਖੇਤਾਂ ਵਿਚ ਜਾਇਆ ਨਹੀਂ ਸੀ ਜਾਂਦਾ ਉਡੀਕਿਆ ਮੈਥੋਂ ਜਾਂਦਾ ਨਹੀਂ ।

### ਬਾਬਾ ਚਤਰ ਸਿੰਘ ਵਡਾਣੀਆਂ

ਪੱਛਮੀ ਕਰੀ ਵਾਲੇ ਦੇ ਸਜਣਾਂ ਮਿਤਰਾਂ ਨੂੰ ਫਤਹ ਫਤੂਹੀ ਕਰਦਾ, ਬੇੜੀ ਦੁਆਰਾ ਨਾਲੀ ਪਾਰ ਕਰਕੇ ਵਡਾਣੀਆਂ ਦੇ ਬੇੜ ਤੇ ਸੰਤ ਚਤਰ ਸਿੰਘ ਵਡਾਣੀਏ ਦੇ ਜਾ ਚਰਨੀਂ ਹੱਥ ਲਾਇਆ ।

ਧੁੱਪ ਬੜੀ ਤੇਜ਼ ਸੀ, ਨਾਲੀ ਦਾ ਲਾਗਾ ਹੋਣ ਕਰਕੇ ਹੁੰਮਸ ਵੀ ਬਹੁਤ ਸੀ । ਬਾਬਾ ਚਤਰ ਸਿੰਘ ਵਡਾਣਾ ਵਿਹੜੇ ਵਿਚ ਇਕ ਵਿਰਲੇ ਜਿਹੇ ਪਿੱਪਲ ਦੇ ਹੇਠ ਮੰਜੀ ਡਾਹੀ ਆਪਣੇ ਬਾਗ ਪਰਵਾਰ ਵਿਚ ਬੈਠੇ ਸਨ । ਜ਼ਿੰਦਗੀ ਦਾ ਬੜਾ ਸਫਰ ਕਰ ਆਏ ਸਨ । ਉਹਨਾਂ ਦੇ ਹਿਸਾਬ ਮੁਤਾਬਕ ਜੀਵਨ ਦੀ ਪਉੜੀ ਦੇ ੧੦੬ ਡੰਡੇ ਚੜ੍ਹ ਚੁਕੇ ਸਨ । ਦੰਦ ਅਜੇ ਹੈ ਸਨ । ਹੋਸ਼ ਹਵਾਸ ਠੀਕ ਸੀ । ਬਾਰੀਕ ਖੱਦਰ ਦਾ ਸਫੈਦ ਕੁਰਤਾ ਅਤੇ ਤੇੜ ਕਛਹਿਰਾ ਪਹਿਨੀਂ ਬੈਠੇ ਬਾਬਾ ਜੀ ਨੇ ਮੇਰੀ ਆਮਦ ਤੇ ਬਹੁਤ ਖੁਸ਼ੀ ਪਰਗਟ ਕੀਤੀ ।

ਬਾਬਾ ਜੀ ਨੇ ਦਸਿਆ : ਮੈਂ ੫੦ ਸਾਲਾਂ ਦੀ ਉਮਰ ਵਿਚ ਜਾ ਕੇ ਤਾਂ ਭਜਨ ਹੀ ਪੁਛਿਆ ਹੈ । ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਸਮੇਂ ਦੇ ਵਲਟੋਹੇ ਦੇ (ਜ਼ਿਲਾ ਲਾਹੌਰ ਹੁਣ ਪਾਕਿਸਤਾਨ) ਪਹਿਲੇ ਹੋਲੇ ਉਪਰ ਆਏ ਸਨ । ਡਾਢੇ



Sri Satguru Jagjit Singh Ji Elibrary NamdhariElibrary@gmail.com

ਦਰਸ਼ਨੀ ਜੁਆਨ, ਮਾੜਾ ਮਾੜਾ ਚਿਹਰੇ ਦੁਆਲੇ ਦਾੜ੍ਹਾ। ਬੜੇ ਲੋਕ ਦਰਸ਼ਨਾਂ ਨੂੰ ਆਏ। ਮੈਂ, ਚਾਚਾ ਸੁਰਾਇਣ ਸਿੰਘ, ਚਾਚਾ ਗੱਜਾ ਸਿੰਘ ਤੇ ਚਾਚੇ ਦੇ ਪੁੱਤ ਭਰਾ ਸੋਣ ਸਿੰਘ ਨੇ ਇਕੱਠਿਆਂ ਹੀ ਭਜਨ ਪੁਛਿਆ। ਸਾਨੂੰ ਵਲਟੋਹੇ ਦੇ ਗੁਰੰਥ ਸਿੰਘ ਨੇ ਭਜਨ ਦਿਤਾ। ਇਹ ਪਹਿਲਾਂ ਤੋਂ ਹੀ ਨਾਮ-ਧਾਰੀ ਸੀ।

"ਸਤਿਗੁਰੂ ਜੀ ਜਦੋਂ ਵੀ ਮੇਰੇ ਨਾਲ ਬਚਨ ਕਰਦੇ ਮੈਨੂੰ "ਬਾਬਾ ਜੀ" ਆਖਦੇ। ਉਸ ਵੇਲੇ ਦੇ ਪ੍ਰਸਿੱਧ ਸੰਤ ਤੇ ਸਾਧੂ ਬਾਬਾ ਜੈਮਲ ਸਿੰਘ ਟਿੱਬੇਵਾਲਾ, ਬਾਬਾ ਵਸਾਵਾ ਸਿੰਘ ਜੀਆ ਬਗਾ, ਬਾਬਾ ਸ਼ੇਰ ਸਿੰਘ ਡਫਰਕਾ, ਸੰਤ ਸੁੰਦਰ ਸਿੰਘ ਪਾਜੀ ਵਾਲੇ, ਬਾਬਾ ਸੰਮਾ ਸਿੰਘ ਖੂਹ ਤੰਬੋਲੀ ਕੇ ਆਦਿ ਸਨ। ਬਾਬਾ ਸੰਮਾ ਸਿੰਘ ਸੰਤ ਪਾਜੀ ਵਾਲਿਆਂ ਦਾ ਗੁਰੂ ਸੀ। ਜਦੋਂ ਸੁੰਦਰ ਸਿੰਘ ਜੀ ਪਾਜੀ ਵਾਲਿਆਂ ਆਪਣੇ ਪਿੰਡ ਨਵੇਂ ਮਕਾਨ ਬਣਵਾਏ ਤਾਂ ਮਕਾਨ ਉਸਾਰੀ ਵਿਚ ਲੱਭ ਕੇ ਸੋਧੀ ਕਾਰੀਗਰ ਲਾਏ। ਉਹਨਾਂ ਦਾ ਕਹਿਣ ਸੀ ਕਿ ਮਕਾਨ ਵਿਚ ਹਰ ਤਰਾਂ ਦੀ ਸੁਧੀ ਦਾ ਖਿਆਲ ਰਖਿਆ ਜਾਵੇਗਾ ਹੁੱਕੇ ਤੰਬਾਕੂ ਵਾਲੇ ਕਾਰੀਗਰ ਨਹੀਂ ਲਾਉਣੇ।

"ਉਹਨੀਂ ਦਿਨੀਂ ਬਾਬਾ ਸੁਰੈਣ ਸਿੰਘ ਗਾਡੀ ਤੰਬੋਲੀ ਕੇ ਖੂਹ ਵਾਲੇ ਤੇ ਸੰਤ ਫਤਹ ਸਿੰਘ ਮਾਂਗਾ ਨੇ ਪੱਕੀਆਂ ਇੱਟਾਂ ਬਨਾਣ ਲਈ ਆਪ ਭੱਠਾ ਲਾਇਆ ਤੇ ਹਵੇਲੀ ਦਾ ਚੁਫੇਰਾ ਵਲਣ ਲਈ ਗੱਡਿਆਂ ਅੱਗੇ ਆਪ ਜੁੱਪ ਕੇ ਸਾਰੀਆਂ ਇੱਟਾਂ ਢੋਈਆਂ, ਏਨੀ ਸਰੀਰਕ ਸ਼ਕਤੀ ਸੀ ਇਹਨਾਂ ਦੇ।"

ਬਾਬਾ ਚਤਰ ਸਿੰਘ ਦੇ ਪਿਤਾ ਦਾ ਨਾਂ ਸ: ਮਾਹਣਾ ਸਿੰਘ ਅਤੇ ਮਾਤਾ ਦਾ ਨਾਂ ਬੀਬੀ ਸੰਤ ਕੌਰ ਸੀ। ਬੀਬੀ ਜੀ ਦੇ ਪੇਕੇ ਵਲਟੋਹੇ ਦੇ (ਉਦੋਂ ਜ਼ਿਲਾ ਲਾਹੌਰ ਹੁਣ ਅਮ੍ਰਤਸਰ) ਸਨ।ਸੰਤ ਕੌਰ ਜੀ ਪਹਿਲਾਂ ਦੇ ਹੀ ਨਾਮਧਾਰੀ ਸਨ ਅਤੇ ਇਨ੍ਹਾਂ ਦੀ ਪ੍ਰੇਰਨਾ ਮਿਲਦੀ ਰਹਿੰਦੀ ਸੀ। ਬੀਬੀ ਦਾ ਪਿਤਾ ਸ: ਅਤਰ ਸਿੰਘ ਵਲਟੋਹੇ ਦਾ ਛੋਟਾ ਭਲਵਾਨ ਗਿਣਿਆ ਜਾਂਦਾ ਸੀ। ਵਡਾ ਭਲਵਾਨ ਫਤਹ ਸਿੰਘ ਸੀ। ਫਤਹ ਸਿੰਘ ਭੀਮ ਬਲੀ ਸੀ ਜਿਸ ਦੇ ਜ਼ੋਰ ਅਗੇ ਕੋਈ ਚੀਜ਼ ਵੀ ਅਟਕ ਨਹੀਂ ਸੀ ਸਕਦੀ। ਅਤਰ ਸਿੰਘ ਘਰਿਆਲੇ (ਓਦੋਂ ਜ਼ਿਲਾ ਲਾਹੌਰ ਹੁਣ ਜ਼ਿਲਾ ਅਮ੍ਰਿਤਸਰ) ਦੇ ਇਕ ਮੁਸਲਮਾਨ ਚੋਧਰੀ ਦੇ ਲੜਕੇ ਨਾਲ ਸੌਂਚੀ ਖੇਡਿਆ ਕਰਦਾ ਸੀ। ਸੌਂਚੀ ਹਿੱਕ ਤੇ ਜ਼ੋਰ ਜ਼ੋਰ ਦੀ ਤਲੀਆਂ ਮਾਰ ਕੇ ਇਕ ਦੂਜੇ ਨੂੰ ਮਿਥੇ ਹੋਏ ਨਿਸ਼ਾਨ ਤੋਂ ਬਾਹਰ ਕਢਣ ਲਈ ਖੇਡ ਸੀ। ਇਕ ਦਿਨ ਕਾਫੀ ਦੂ-ਬ-ਦੂ ਹੋ ਕੇ ਸੌਂਚੀ ਲੜ ਰਹੇ ਸਨ ਕਿ ਅਤਰ ਸਿੰਘ ਦੀਆਂ ਤਲੀਆਂ ਚੋਧਰੀ ਦੇ ਮੁੰਡੇ ਨੂੰ ਏਨੇ ਜ਼ੋਰ ਨਾਲ ਵੱਜ ਗਈਆਂ ਕਿ ਉਹਦਾ ਦਮ ਨਿਕਲ ਗਿਆ। ਅਤੇ ਉਥੇ ਮਰ ਗਿਆ। ਕੁਝ ਸ਼ਰਾਰਤੀ ਮੁਸਲਮਾਨਾਂ ਨੇ ਇਸ ਨੂੰ ਹਿੰਦੂ-ਮੁਸਲਮਾਨ ਫਿਰਕੂ ਰੰਗਤ ਦੇਣ ਦੀ ਕੋਸ਼ਸ਼ ਕੀਤੀ ਪਰ ਘਰਿਆਲੇ ਦੇ ਚੋਧਰੀ ਨੇ ਉਹਨਾਂ ਦੀ ਇਕ ਨਾ ਮੰਨੀ। ਉਸ ਕਿਹਾ : ਇਹ ਹਿੰਦੂ ਮੁਸਲਮਾਨ ਦਾ ਰੌਲਾ ਨਹੀਂ। ਉਹਦੀ ਆ ਹੀ ਲਗੀ ਸੀ। ਅਗੇ ਰੋਜ਼ ਖੇਡਦੇ ਹੀ ਸਨ। ਛੋਟਾ ਭਲਵਾਨ ਉਂ ਵੀ ਜ਼ੋਰਾਵਰ ਹੈ। ਅਜ ਕੁਝ ਵਧੇਰੇ ਹੀ ਜ਼ੋਰ ਨਾਲ ਲਗ ਗਈਆਂ ਹੋਣਗੀਆਂ। ਕੋਈ ਸ਼ਕਾਇਤ ਕਰਨ ਦੀ ਲੋੜ ਨਹੀਂ।

## ਵੱਡਾ ਭਲਵਾਨ ਫਤਹ ਸਿੰਘ

ਬਾਬਾ ਚਤਰ ਸਿੰਘ ਜੀ ਨੇ ਨਾਮਧਾਰੀ ਭਲਵਾਨ ਫਤਹ ਸਿੰਘ ਵਲਟੋਹਾ ਦੀ ਇਕ ਕਹਾਣੀ ਵੀ ਸੁਣਾਈ : ਸੰਤ ਮਹਾਵੇ ਵਾਲੇ—ਬਾਬਾ ਕੇਸਰ ਸਿੰਘ ਜੀ 'ਕੇਸਰ ਕਿੱਲੀ' ਪੱਟੀ ਦੀ ਨਾਮਧਾਰੀ ਸੰਗਤ ਦੇ ਬੇਨਤੀ ਕਰਨ ਤੇ ਪੱਟੀ (ਓਦੋਂ ਜ਼ਿਲਾ ਲਾਹੌਰ ਹੁਣ ਜ਼ਿ: ਅਮ੍ਰਿਤਸਰ) ਵਿਖੇ ਆਏ। ਬੜੀ ਦੁਨੀਆ ਬਾਬਾ ਕੇਸਰ ਜੀ ਦੇ ਦਰਸ਼ਨਾਂ ਨੂੰ ਉਮਡੀ। ਨੇੜੇ ਤੇੜੇ ਦੇ ਪਿੰਡਾਂ ਵਿਚ ਬਾਬਾ ਜੀ ਦੀ ਪਹਿਲਾਂ ਹੀ ਬੜੀ ਧੁੰਮ ਸੀ। ਹੁਣ ਉਹ ਇਸ ਅਲੌਕਿਕ ਨਾਮਧਾਰੀ ਨੂੰ ਬੜੇ ਕੌਤੂਹਲ ਨਾਲ ਵੇਖਣ ਆ ਰਹੇ ਸਨ। ਲੋਕਾਂ ਨੂੰ ਇਹ ਬਾਬਾ ਗੁਰੂ ਨਾਨਕ ਦੇਵ ਜੀ ਵਰਗਾ ਲਗਦਾ ਅਤੇ ਉਹ ਲੋਕਾਂ ਦੀ ਸੋਚ ਤੋਂ ਅਗਾਂਹ ਦੇ ਬਚਨ ਕਰਦਾ।

ਵਲਟੋਹੇ ਦਾ ਨਾਮੀ ਗ੍ਰਾਮੀ ਪਹਿਲਵਾਨ ਸ: ਫਤਹ ਸਿੰਘ ਵੀ ਆਇਆ। ਇਹ ਨਾਮਧਾਰੀ ਤਾਂ ਪਹਿਲਾਂ ਤੋਂ ਵੀ ਸੀ ਪਰ ਇਸ ਨੂੰ ਆਪਣੇ ਅਤੁਲ ਬਲ ਦਾ ਘੁਮੰਡ ਵੀ ਸੀ। ਆਪਣੇ ਸਾਹਣਾਂ ਤੋਂ ਵਧੀਕ ਜ਼ੋਰ ਸਦਕਾ ਏਨਾ ਕੁ ਮੂਰਖ ਹੋ ਸਕਣਾ ਕੁਦਰਤੀ ਸੀ। ਇਸ ਨੇ ਬਾਬੇ ਠਾਕਰ ਨੂੰ ਬੇਨਤੀ ਕੀਤੀ : ਬਾਬਾ ਜੀ ਮੈਨੂੰ ਵਲਟੋਹੇ ਚਲ ਕੇ ਦਰਸ਼ਨ ਦਿਓ। ਪਰ ਮੇਰੇ ਘਰ ਤੁਸਾਂ ਕੱਲਿਆਂ ਹੀ ਜਾਣਾ ਹੈ, ਹੋਰ ਲਾਗੜ ਭੋਗੜ ਨਹੀਂ ਜਾ ਸਕੇਗੀ।

ਬਾਬਾ ਜੀ ਨੇ ਇਨਕਾਰ ਕਰ ਦਿਤਾ : ਜਿਥੇ ਮੈਂ ਜਾਵਾਂਗਾ ਉਥੇ ਸਿਖ ਸਾਧ ਵੀ ਨਾਲ ਜਾਣਗੇ। ਮੈਂ ਉਨ੍ਹਾਂ ਨੂੰ ਨਹੀਂ ਰੋਕਣਾ। ਥੋੜ੍ਹੀ ਗੱਲਬਾਤ ਬਾਦ ਜਦੋਂ ਗੱਲ ਬਣਦੀ ਨਾ ਲਗੀ ਤਾਂ ਫਤਹ ਸਿੰਘ ਨੇ ਗੁਸੇ ਵਿਚ ਆ ਦੋ ਲੱਤਾਂ ਸਤਿਕਾਰ



Sri Satguru Jagjit Singh Ji Elibrary NamdhariElibrary@gmail.com

ਯੋਗ ਠਾਕਰ ਜੀ ਨੂੰ ਵੀ ਜੜ ਦਿਤੀਆਂ : ਜਾਹ, ਨਹੀਂ ਜਾਂਦਾ ਤਾਂ ਨਾ ਸਹੀ। ਸੰਤ ਬਣਕੇ ਆਫਰਿਆ ਫਿਰਦਾ ਹੈ।

ਪਰ ਜਿਉਂ ਹੀ ਭਲਵਾਨ ਵਲਟੋਹੇ ਪੁੱਜਾ ਦੋਵੇਂ ਲੱਤਾਂ ਮਾਰੀਆਂ ਗਈਆਂ। ਸੰਤ ਅਜੇ ਪੱਟੀ ਹੀ ਸਨ। ਭਲਵਾਨ ਨੂੰ ਸੁੱਝ ਗਈ ਕਿ ਇਹ ਸਜ਼ਾ ਸੰਤ ਕੇਸਰ ਕਿੱਲੀ ਜੀ ਨੂੰ ਮਾਰੀਆਂ ਲੱਤਾਂ ਦੀ ਹੀ ਹੈ।

ਦੋ ਚਾਰ ਦਿਨ ਪਿਛੋਂ ਵਲਟੋਹੇ ਦੇ ਥਾਣੇਦਾਰ ਨੂੰ ਪਤਾ ਲਗਾ। ਉਹ ਭਲਵਾਨ ਦਾ ਮਿੱਤਰ ਸੀ। ਉਸ ਨੇ ਠਾਕਰਾਂ ਨੂੰ ਪੱਟੀ ਜਾ ਅਰਜ਼ ਕੀਤੀ : ਸੰਤ ਜੀ ਕਿਰਪਾ ਕਰੋ। ਵਲਟੋਹੇ ਚਲੋ ਅਤੇ ਫਤਹ ਸਿੰਘ ਨੂੰ ਬਖਸ਼ੋ। ਠਾਕਰਾਂ ਆਖਿਆ : ਬੱਚਾ ਮੈਨੂੰ ਤਾਂ ਕੋਈ ਇਤਰਾਜ਼ ਨਹੀਂ ਪਰ ਫਤਹ ਸਿੰਘ ਬੜਾ ਅੜੀਬਾਧਾ ਹੈ, ਉਸ ਮੰਨਣਾ ਨਹੀਂ। ਉਹ ਕਹੇਗਾ, ਆਉਣਾ ਹੈ ਤਾਂ ਬਾਬਾ ਕੱਲਾ ਹੀ ਆਵੇ, ਸੰਗਤ ਨਾਲ ਨਾ ਆਵੇ।

ਠਾਣੇਦਾਰ ਨੇ ਦਸਿਆ : ਹੁਣ ਤਾਂ ਜੀ ਉਹ ਜੁੜਿਆ ਪਿਆ ਹੈ, ਕਿਉਂ ਨਾ ਮੰਨੇਗਾ !

"ਤੇਰੇ ਆਖੇ ਲਗ ਜਾਂਦਾ ਹਾਂ। ਪਰ ਉਹ ਅੜਬ ਬੜਾ ਈ, ਓਡਾ ਜਿਦਲ ਹੋਰ ਕੋਈ ਨਹੀਂ।"

ਤੇ ਬਾਬਾ ਕੇਸਰ ਜੀ ਸਾਧ ਸੰਗਤ ਨਾਲ ਵਲਟੋਹੇ ਪਹੁੰਚੇ ਅਤੇ ਉਹਨਾਂ ਫਤਹ ਸਿੰਘ ਦੀ ਡਿਉਢੀ ਦੇ ਬੂਹੇ ਵਿਚ ਖਲੋਤਿਆਂ ਹੀ ਠਾਣੇਦਾਰ ਨੂੰ ਆਖਿਆ ਜਾ ਕੇ ਪਤਾ ਕਰ ਆਵੇ। ਪਰ ਸਚਮੁਚ ਹੀ ਭਲਵਾਨ ਭਲਵਾਨ ਹੀ ਸੀ, ਉਹਦੇ ਤੌਰਾਂ ਵਿਚ ਕੋਈ ਫ਼ਰਕ ਨਹੀਂ ਸੀ। ਉਸ ਕਿਹਾ : ਸੰਤਾਂ ਨੂੰ ਕਹੋ, ਜੇ ਆਉਣਾ ਨੇ ਤਾਂ ਮੇਰੇ ਘਰ ਕੱਲੇ ਹੀ ਆਉਣ, ਮੈਂ ਹੋਰ ਕਿਸੇ ਨੂੰ ਘਰ ਨਹੀਂ ਵੜਨ ਦੇਣਾ।

"ਸੰਤ ਕੇਸਰ ਜੀ ਤੇ ਸੰਗਤ ਵਾਪਸ ਚਲੇ ਗਏ।"

"ਅਤੇ ਜ਼ਿੰਦਗੀ ਦੇ ਪਿਛਲੇ ੨੯ ਸਾਲ ਫਤਹ ਸਿੰਘ ਅੰਪਣੇ ਅੜਬਪੁਣੇ ਕਾਰਨ ਸਜ਼ਾ ਭੋਗੀ।"

## ਰੋਗ-ਮੁਕਤੀ

ਬਾਬਾ ਚਤਰ ਸਿੰਘ ਜੀ ਨੇ ਅਪਣੇ ਘਰ ਦੀ ਇਕ ਘਟਨਾ ਸੁਣਾਈ : ਮੇਰੇ ਘਰੋਂ, ਸਰੀਰ ਕਰਕੇ ਬੜੀ ਰੋਗਣ ਸੀ। ਛਾਇਆ ਆਦਿ ਦੀ ਕਸਰ ਕਾਰਨ ਸੁੱਕ ਕੇ ਤੀਲਾ ਹੋ ਗਈ ਸੀ। ਇਹਦੇ ਮਾਪੇ ਬਥੇਰੀ ਥਾਂ ਘੁੰਮੇ ਫਿਰੇ, ਪਰ ਮਾਂ ਨਾਮਧਾਰਨ ਹੋਣ ਕਰਕੇ ਇਕ ਦਿਨ ਵਲਟੋਹੇ ਵਿਚ ਗੁਰੂ ਹਰੀ ਸਿੰਘ ਜੀ ਦਾ ਆਉਣਾ ਸੁਣਕੇ, ਧੀ ਨੂੰ ਲੈਕੇ ਓਥੇ ਚਲੀ ਗਈ। ਸਤਿਗੁਰਾਂ ਦੇ ਚਰਨਾਂ ਵਿਚ ਰੱਖ ਕੇ ਅਰਜ਼ ਕੀਤੀ : ਜਿਵੇਂ ਕਿਵੇਂ ਇਹਨੂੰ ਬਚਾਓ। ਸਤਿਗੁਰਾਂ ਦਿਆਲ ਹੋ ਕੇ ਮੇਰੀ ਸੱਸ ਨੂੰ ਬਚਨ ਕੀਤਾ : ਜਣ ਪਾਣੀ ਦੀ ਸੋਧ ਰਖ ਲਵੇ ਤੇ ਭਜਨ ਦੀ ਇਕ ਮਾਲਾ ਰੋਜ ਫੇਰਿਆ ਕਰੇ। ਤਦ ਤੋਂ ਸਾਰੇ ਭੂਤ ਪ੍ਰੇਤ ਨਿਕਲ ਗਏ। ਅਤੇ ਸੰਤ ਕੌਰ ਨੇ ਇਹ ਨੇਮ ਸਾਰੀ ਉਮਰ ਨਿਭਾਇਆ।

ਬਾਬਾ ਜੀ ਨੇ ਦੱਸਿਆ ਕਿ ਇਹਨਾਂ ਦਾ ਖਾਨਦਾਨ ੬-੭ ਪੀਹੜੀਆਂ ਤੋਂ ਬੈਰਾਗੀ ਸਾਧੂਆਂ ਦਾ ਚੇਲਾ ਬਣਿਆ ਚਲਾ ਆਉਂਦਾ ਸੀ। ਇਹ ਬੈਰਾਗੀ ਰੰਗੀਲਪੁਰ ਦੇ ਸਨ। ਮੇਰੇ ਪੰਜਾਹਾਂ ਦੀ ਉਮਰ ਹੋਣ ਤਕ ਇਹ ਸਾਰੇ ਹੀ ਮਰ ਮੁਕ ਗਏ। ਮੈਨੂੰ ਨਾਮਧਾਰੀ ਬਣ ਕੇ ਕਿਸੇ ਤੋਂ ਝੂਠਿਆ ਨਹੀਂ ਹੋਣਾ ਪਿਆ।

## ਵਡ ਪ੍ਰਤਾਪੀ ਦੀ ਸ਼ਰਣ

ਬਾਬਾ ਚਤਰ ਸਿੰਘ ਵਡਾਣੀਏ ਨੇ ਭਰਪੂਰ ਸੰਤੁਸ਼ਟ ਹੋ ਕੇ ਆਖਿਆ : ਮੈਂ ਜਦੋਂ ਤੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਰਣ ਆਇਆ ਹਾਂ, ਤਦ ਤੋਂ ਹੀ ਮੇਰੇ ਵਾਸਤੇ ਦੁਖ ਅਤੇ ਕਲੇਸ਼ ਮੁਕ ਗਏ। ਕਦੇ ਕਦੇ ਰਾਤ ਨੂੰ ਭਾਵੇਂ ਕਿੰਨਾ ਵੀ ਨਰਕ ਕਿਉਂ ਨਾ ਪੈਦਾ ਹੋ ਜਾਵੇ ਦਿਨ ਚੜ੍ਹਨ ਤੇ ਉਹੋ ਨਰਕ ਸੁਰਗ ਵਿਚ ਤਬਦੀਲ ਹੋ ਜਾਂਦਾ ਸੀ। ਮੈਂ ਸਤਿਗੁਰਾਂ ਨੂੰ ਜੋ ਵੀ ਬੇਨਤੀ ਕੀਤੀ ਸਭ ਪਰਵਾਨ ਹੋਈ। ਇਕ ਵਾਰ ਤਾਂ ਐਸਾ ਵੀ ਹੋਇਆ ਕਿ ਸ਼ਾਮੀਂ ਜੇਲ੍ਹ ਵਿਚ ਸਾਂ, ਸਵੇਰੇ ਦਾਰੋਗਾ ਮੈਥੋਂ ਮਾਫ਼ੀ ਮੰਗ ਰਿਹਾ ਸੀ। ਤੇ ਆਪਣੇ ਆਪ ਰਿਹਾਈਆਂ ਦੇ ਹੁਕਮ ਜਾਰੀ ਹੋ ਗਏ।

"ਘੋੜਿਆਂ ਕਾਰਨ ਮੇਰੀ ਸਾਂਝ ਸਦਾ ਹੀ ਸਤਿਗੁਰਾਂ ਨਾਲ ਬਣੀ ਰਹਿੰਦੀ। ਸਤਿਗੁਰੂ ਪ੍ਰਤਾਪ ਸਿੰਘ ਜੀ ਘੋੜਿਆਂ ਦੇ ਬੜੇ ਪ੍ਰੇਮੀ ਸਨ। ਅਤੇ ਉਹ ਲਾਹੌਰ ਵਿਚ ਰੇਸਾਂ ਦੇ ਘੋੜਿਆਂ ਦੀ ਰਿਹਾਇਸ਼ ਰਖਦੇ। ਮੈਂ ਮਣਾਂ ਮੂੰਹੀਂ ਇਕੱਠੀ ਹੀ ਜਵੀ ਖਰੀਦ ਰਖਦਾ ਅਤੇ ਲਾਹੌਰ ਵਿਚਲੀ ਕੋਠੀ ਭੇਜ ਦਿਆ ਕਰਦਾ। ਇਹ ਬਾਬਾ ਧਿਆਨ ਸਿੰਘ ਪੱਥਰਾਂ ਵਾਲਿਆਂ ਦੀ ਕੋਠੀ ਸੀ ਜੁ ਸਤਿਗੁਰੂ ਜੀ, ਸੰਗਤ ਅਤੇ ਘੋੜਿਆਂ ਦੀ ਸੰਭਾਲ ਦੇ ਕੰਮ ਆਇਆ ਕਰਦੀ ਸੀ। ਮੈਨੂੰ ਜਿੰਨੀ ਜਵੀ ਖਰੀਦਣ ਦਾ ਹੁਕਮ ਹੁੰਦਾ ਖਰੀਦ ਭੇਜਦਾ, ਸੱਚੇ ਪਾਤਸ਼ਾਹ ਉਸਦਾ ਮੁੱਲ ਭੇਜ ਦਿੰਦੇ।

## ਲੈਣ ਦੇਣਦਾਰ

"ਪਾਕਿਸਤਾਨ ਬਣਨ ਉਪਰੰਤ ਜਦੋਂ ਅਸੀਂ ਜੀਵਨ ਨਗਰ ਇਲਾਕੇ ਵਿਚ ਆਏ ਤਾਂ ਇਕ ਦਿਨ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੈਨੂੰ ਕਰੀਵਾਲਿਓਂ ਬੁਲਾ ਘੱਲਿਆ। ਮੈਂ ਹਾਜ਼ਰ ਹੋਇਆ ਤਾਂ ਕਹਿਣ ਲਗੇ : ਘਰੋਂ ਪਤਾ ਨਹੀਂ ਤੁਸੀਂ



Sri Satguru Jagjit Singh Ji Elibrary NamdhariElibrary@gmail.com

ਕਿਸ ਤਰਾਂ ਆਏ ਹੋ। ਪਰ ਮੇਰਾ ਤੁਹਾਡਾ ਜਵੀ ਦਾ ਲੈਣ ਦੇਣ ਚਲਦਾ ਸੀ। ਜੇ ਕੁਝ ਮੈਥੋਂ ਲੈਣਾ ਬਣਦਾ ਹੈ ਤਾਂ ਦੱਸੋ, ਮੈਂ ਉਹ ਦੇ ਦਿਆਂ, ਤੁਹਾਡੇ ਕੰਮ ਆਵੇਗਾ। ਮੈਂ ਹੱਥ ਜੋੜਕੇ ਅਰਜ਼ ਕੀਤੀ : ਸੱਚੇ ਪਾਤਸ਼ਾਹ, ਮੈਂ ਤਾਂ ਉਲਟਾ ਤੁਹਾਡਾ ਦੇਣਦਾਰ ਹਾਂ। ਤੇਰਾਂ ਸੌ ਰੁਪੈਆ ਆਪ ਜੀ ਦਾ ਮੇਰੇ ਵਲ ਵਧਦਾ ਹੈ। ਅਤੇ ਇਹ ਕਰਾਮਾਤ ਹੀ ਸਮਝੋ ਕਿ ਮੈਂ ਘਰੋਂ ੧੩੦੦/- ਲੈਕੇ ਚੱਲਿਆ ਸਾਂ। ਏਧਰ ਸਤਿਗੁਰੂ ਜੀ ਨੇ ਵੀ ਏਹੋ ਗੱਲ ਕਰ ਦਿਤੀ। ਮੈਂ ਖੁਸ਼ੀ ਖੁਸ਼ੀ ੧੩੦੦/- ਚਰਨਾਂ ਤੇ ਧਰੇ ਤਾਂ ਕਹਿਣ ਲਗੇ : ਇਹਦਾ ਮਤਲਬ ਤਾਂ ਇਹੋ ਹੋਇਆ ਕਿ ਮੈਂ ੧੩੦੦/- ਲੈਣ ਲਈ ਹੀ ਤੁਹਾਨੂੰ ਸੱਦਿਆ ਸੀ। ਦੋਹੀਂ ਪਾਸੀਂ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਸੀ।

ਇਕ ਘਟਨਾ ਬਾਬਾ ਚਤਰ ਸਿੰਘ ਜੀ ਨੂੰ ਹੋਰ ਯਾਦ ਆ ਗਈ। ਕਹਿਣ ਲਗੇ :

## ਮਾਝਿਆਂ ਦੀ ਮਦਦ

"ਅਜੇ ਦੇਸ਼ ਦੀ ਵੰਡ ਨੂੰ ਹੋਏ ਨੂੰ ਚਾਰ ਕੁ ਮਹੀਨੇ ਹੀ ਹੋਏ ਸਨ ਕਿ ਮੈਂ ਜੀਵਨ ਨਗਰ ਗਿਆ। ਇਹਨੀਂ ਦਿਨੀਂ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਮਧਾਰੀ ਸ਼ਰਨਾਰਥੀ ਟੋਲ-ਲਭ ਕੇ ਜੀਵਨ ਨਗਰ ਇਲਾਕੇ ਵਿਚ ਬੈਠਾ, ਹਰੇਕ ਜੋਗ ਨੂੰ ੭-੭ ਏਕੜ ਜ਼ਮੀਨ ਦੇ ਕੇ ਬਾਕੀ ਦੀ ਜ਼ਮੀਨ ਬੇ-ਜੋਗਿਆਂ ਲਈ ਬਿਜਾਇਆ ਕਰਦੇ ਸਨ। ਅਤੇ ਇਸ ਇਲਾਕੇ ਵਿਚੋਂ ਜੋ ਆਮ ਜਿਨਸ ਮਿਲਦੀ ਸੀ—ਛੋਲੇ—ਉਹ ਖਰੀਦ, ਲਿਆਕੇ ਸਾਰੇ ਨਾਮਧਾਰੀਆਂ ਵਿਚ ਤਕਸੀਮ ਕਰਦਿਆ ਕਰਦੇ ਸਨ। ਪੱਲਿਓਂ ਰਕਮ ਖਰਚ ਕਰਕੇ ਭੁਖੇ ਮਰਦੇ ਲੋਕਾਂ ਦੀ ਮਦਦ ਕਰ ਰਹੇ ਸਨ। ਸੱਚੇ ਪਾਤਸ਼ਾਹ ਮੈਨੂੰ ਵੇਖਦਿਆਂ ਹੀ ਪ੍ਰਸੰਨ ਹੋਏ ਅਤੇ ਪੁਛਿਆ :

"ਕੁਝ ਕੋਲ ਹੈਗਾ ਈ ?"

"ਹਾਂ ਜੀ, ਹੈਗਾ ਏ" ਮੈਂ ਤੁਰੰਤ ਉਤਰ ਦਿਤਾ। ਸਤਿਗੁਰਾਂ ਗਿਣਤੀ ਨਹੀਂ ਪੁੱਛੀ। ਕਿਹਾ : ਲਿਆ ਫਿਰ ਕਢ ਦੇ। ਮੈਂ ਅਰਜ਼ ਕੀਤੀ : ਜੀ ਪਿੰਡ ਏ। ਮੈਂ ਕੱਲ੍ਹ ਲਿਆ ਦਿਆਂਗਾ। ਸਤਿਗੁਰਾਂ ਬਚਨ ਕੀਤਾ : ਕੱਲ ਨਹੀਂ, ਅੱਜ ਹੀ ਅਤੇ ਅੱਜ ਵੀ ਹੁਣੇ ਹੀ। ਕੱਲ ਤਾਂ ਅਸੀਂ ਛੋਲੇ ਲਿਆਉਣੇ ਹਨ। ਅਤੇ ਮੈਨੂੰ ਚੀਰੂ ਦਈਨ ਅਮਰਾਸਰੀਏ ਦੀ ਭੇਟ ਕੀਤੀ ਹੋਈ ਘੋੜੀ ਦੇ ਕੇ ਆਖਿਆ : ਫੌਰਨ ਜਾਹ ਅਤੇ ਪੈਸੇ ਲਿਆ। ੫੦੦੦/- ਮੇਰੇ ਪਾਸ ਸੀ, ਲਿਆਕੇ ਉਸੇ ਰਾਤ ਭੇਟ ਕੀਤਾ। ਸਤਿਗੁਰੂ ਜੀ ਨੇ ਬੰਦੇ ਭੇਜ ਇਸ ਰਕਮ ਦਾ ਸਾਧ ਸੰਗਤ ਲਈ ਰਾਸ਼ਨ ਲਿਆਂਦਾ।

ਸ਼ਾਇਦ ਮੈਂ ਸਰੋਤਾ ਚੰਗਾ ਸਾਂ ਜਾਂ ਬਾਬਾਂ ਚਤਰ ਸਿੰਘ ਹੁਰੀਂ ਹੀ ਰਓਂ ਵਿਚ ਸਨ, ਉਹਨਾਂ ਇਕ ਹੋਰ ਆਪ ਬੀਤੀ ਸੁਣਾਈ :

## ਸ਼ਾਹ ਨੂੰ ਨਿਵਾਇਆ

"ਸਾਡੇ ਪਿੰਡ ਵਡਾਣਿਆਂ ਦਾ ਇਕ ਸ਼ਾਹ ਸੀ। ਚੂਨੀ ਸ਼ਾਹ ਸੀ। ਚੂਨੀ ਸ਼ਾਹ ਉਹਦਾ ਨਾਂ। ਬਹੁਤ ਜ਼ਮੀਨਾਂ ਦਾ ਮਾਲਕ ਤੇ ਬੜੀ ਧਨ ਸੰਪਤੀ ਵਾਲਾ। ਵਾਹਰੇ ਵਿਚ ਇਹਦੀ ਬੱਲੇ ਬੱਲੇ ਸੀ। ਕੋਈ ਐਸੀ ਹੀ ਗੱਲ ਸੀ ਕਿ ਉਹਦੀ ਮੇਰੇ ਨਾਲ ਕਿੜਬਾਜ਼ੀ ਚਲਦੀ ਰਹਿੰਦੀ। ਮੈਂ ਹੀ ਉਹਦੀ ਈਨ ਨਹੀਂ ਸਾਂ ਮੰਨਦਾ, ਬਾਕੀ ਸਾਰੇ ਪਿੰਡ ਦੇ ਉਹਦਾ ਪਾਣੀ ਭਰਦੇ ਸਨ। ਮੈਂ ਭਜਨ ਬਾਣੀ ਕਰਦੇ ਰਹਿਣਾ ਤੇ ਕਿਰਤ ਵਿਚ ਜੁੱਟੇ ਰਹਿਣਾ। ਆਪਣੀ ਨੇਕ ਕਮਾਈ ਦੇ ਜ਼ੋਰ ਜ਼ਮੀਨਾਂ ਖਰੀਦਣੀਆਂ ਅਤੇ ਆਪਣੇ ਪੁੱਤਰ ਹਰੀ ਸਿੰਘ ਤੋਂ ਆਹੜਤ ਕਰਵਾਣੀ। ਮੇਰੇ ਛੇ ਪੁੱਤਰ ਹਨ, ਵੱਡਾ ਜੋ ਸਿੰਘ ਤਾਬਾ ਸਿੰਘ ਕੇਹਰ ਸਿੰਘ, ਹਰੀ ਸਿੰਘ, ਮਹਿੰਦਰ ਸਿੰਘ ਅਤੇ ਹਰਨਾਮ ਸਿੰਘ। ਹੁਣ ਤਾਂ ਹਰਨਾਮ ਸਿੰਘ ਨਹੀਂ ਰਿਹਾ। ਲੜਕੀ ਮੇਰੇ ਘਰ ਕੋਈ ਨਹੀਂ ਸੀ। ਮੇਰਾ ਹਰੀ ਸਿੰਘ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਵੀ ਨਿਕਟੀ ਤੇ ਪ੍ਰੇਮੀ ਸੀ ਹੁਣ ਵਾਲੇ ਸਤਿਗੁਰਾਂ ਨਾਲ ਵੀ ਡਾਢਾ ਇਕ ਸੁਰ ਹੈ।

"ਮੇਰੇ ਛੇਵੇਂ ਪੁੱਤਰ ਹੀ ਬੜੇ ਆਗਿਆਕਾਰ ਸਨ। ਚੂਨੀ ਰਾਮ ਨੂੰ ਇਸ ਗੱਲ ਦਾ ਵੀ ਤਕੜਾ ਸਾੜਾ ਸੀ। ਉਹਦੀ ਈਰਖਾ ਦਾ ਸਾਹਮਣਾ ਮੈਨੂੰ ਸਦਾ ਹੀ ਕਰਨਾ ਪੈਂਦਾ। ਉਂਜ ਮੈਂ ਉਹਦੇ ਨਹਿਲੇ ਤੇ ਦਹਿਲਾ ਮਾਰਦਾ ਚਲਾ ਆਇਆ। ਪਰ ਤੰਗ ਸਾਂ, ਭਜਨ ਬੰਦਗੀ ਵਾਲੀ ਬਿਰਤੀ ਨੂੰ ਨਿਤ ਨਿਤ ਦਾ ਮੁਕਾਬਲਾ ਜੱਚਦਾ ਨਹੀਂ ਸੀ।.

"ਇਕ ਦਿਨ ਲਾਹੌਰ ਜਾ ਕੇ ਮੈਂ ਸੱਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਅਗੇ ਜਾ ਅਰਜ਼ ਗੁਜ਼ਾਰੀ : ਦੀਨ ਦਿਆਲ ਚੂਨੀ ਸ਼ਾਹ ਮੇਰੇ ਨਾਲ ਇੱਟ ਖੜੱਕਾ ਲਾਈ ਰਖਦਾ ਹੈ। ਭਜਨ ਬਾਣੀ ਤਾਂ ਕਰੀ ਦਾ ਹੈ ਪਰ ਚੂੰਨੀ ਲਾਲ ਨਾਲ ਚਾਰਾਜੋਈ ਕਰਨ ਦਾ ਵੀ ਫਿਕਰ ਅੱਠੇ ਪਹਿਰ ਰਹਿੰਦਾ ਹੈ। ਸਤਿਗੁਰਾਂ ਧੀਰਜ ਦਿਤਾ : ਤੂੰ ਉਸਦੀ ਖਿਲਾਫ਼ਤ ਦੀ ਭਾਵਨਾ ਮਨੋਂ ਕਢ ਦੇ। ਥੋੜੇ ਸਮੇਂ ਪਿਛੋਂ ਹੀ ਤੇਰਾ ਸਾਥੀ ਬਣ ਜਾਵੇਗਾ।



Sri Satguru Jagjit Singh Ji Elibrary NamdhariElibrary@gmail.com

"ਓਹੋ ਗੱਲ ਹੋਈ । ਜਦੋਂ ਮੈਂ ਅਗੇ ਤੋਂ ਅਪਣੇ ਮਨ ਵਿਚੋਂ ਬਦਲੇ ਅਤੇ ਸ਼ੰਕਾ ਦੀ ਭਾਵਨਾ ਕਢ ਕੇ ਚੱਲਿਆ ਤਾਂ ਉਹ ਥੋੜੇ ਦਿਨਾਂ ਪਿਛੋਂ ਮਾਫ਼ੀ ਮੰਗਣ ਆ ਗਿਆ । ਮੈਂ ਵੀ, ਸਤਿਗੁਰਾਂ ਦੀ ਕਿਰਪਾ ਨਾਲ ਫਿਰ, ਅੰਦਰੋਂ ਖਿਮਾ ਕਰ ਦਿਤਾ । ਅਤੇ ਬਾਕੀ ਸਮਾਂ ਅਸਾਂ ਮਿੱਤਰਾਂ ਵਾਂਗ ਬਿਤਾਇਆ ।"

ਬਾਹਰ ਧੁਪ ਦੀ ਤੇਜ਼ੀ ਬੜੀ ਸੀ ਪਰ ਵਿਰਲੀ ਜਿਹੀ ਛਾਵੇਂ ਵੀ ਬਾਬਾ ਜੀ ਦੇ ਬਚਨਾਂ ਨਾਲ ਮਨ ਇਕ ਸੁਰ ਹੋਣ ਕਰਕੇ ਮੌਸਮ ਦਾ ਖਿਆਲ ਨਹੀਂ ਸੀ ਆ ਰਿਹਾ । ਚਤਰ ਸਿੰਘ ਜੀ ਨੇ ਵੀ ਯਾਦ ਦਾ ਇਕ ਵਰਕਾ ਹੋਰ ਉਥੱਲ ਲਿਆ ।

### "ਅਜੇ ਤੂੰ ਜੁਆਨ ਹੈਂ ?"

"ਮੈਂ ਓਦੋਂ ਛਿਹੱਤਰਾਂ-ਸਤੱਤਰਾਂ ਸਾਲਾਂ ਦਾ ਹੋਵਾਂਗਾ । ਪਾਕਿਸਤਾਨ ਬਣਨ ਤੋਂ ਥੋੜਾ ਚਿਰ ਬਾਅਦ, ਇਕ ਵਾਰ ਸਾਡਾ ਸਾਰਾ ਟੱਬਰ ਹੀ ਢਿੱਲਾ ਮੱਠਾ ਤੇ ਬੁਖ਼ਾਰਿਆ ਪਿਆ ਸੀ । ਮੈਨੂੰ ਜਾਪੇ ਜਿਵੇਂ ਸਾਰੇ ਸੁਖ ਕਿਰਕਿਰੇ ਹੋ ਚੱਲੇ ਨੇ । ਜਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਅਰਜ਼ ਕੀਤੀ : ਸੱਚੇ ਪਾਤਸ਼ਾਹ ! ਕੀ ਕਰੀਏ, ਸਾਰਾ ਬਾਲ ਬੱਚਾ ਬੁਖਾਰ ਨਾਲ ਪਿਆ ਏ । ਫਸਲ ਬੀਜਣ ਵਾਲੀ ਹੈ । ਬੁਰੇ ਫਸੇ ਹਾਂ, ਕਿਰਪਾ ਕਰੋ ।

"ਸਤਿਗੁਰਾਂ ਸਹਿ-ਸਭਾ ਬਚਨ ਕੀਤਾ : ਅਜੇ ਤਾਂ ਤੁਸੀਂ ਵੀ ਜੁਆਨ ਹੋ । ਹਲ ਦੀ ਜੰਘੀ ਫੜੋ । ਆਪ ਬੀਜੋ । ਬਰਕਤ ਸਤਿਗੁਰੂ ਦੇ ਵੱਸ ਹੈ । ਮੈਂ, ਜੀਹਨੇ ਪੰਜਾਹ ਦੀ ਉਮਰ ਤੋਂ ਖੇਤੀ ਛੱਡੀ ਹੋਈ ਸੀ, ਹਲ ਦੀ ਜੰਘੀ ਫੜ ਲਈ । ਪਰ ਕਦੇ ਨਾ ਜਾਪਿਆ ਕਿ ਬੁਢਾ ਹਾਂ ਜਾਂ ਥੱਕ ਗਿਆ ਹਾਂ, ਐਉਂ ਜਾਪੇ ਜਿਵੇਂ ਕੰਮ ਕਦੇ ਛੱਡਿਆ ਈ ਨਹੀਂ । ਪੰਜ ਫਸਲਾਂ ਆਪ ਬੀਜੀਆਂ ਤੇ ਰੱਜਵੀਂ ਪੈਦਾਵਾਰ ਲਈ ।

"ਪਾਕਿਸਤਾਨ ਬਣਨ ਦੇ ਮੁਢਲੇ ਦਿਨਾਂ ਵਿਚ ਕਿਸੇ ਨੇ ਸਾਡੀ ਸਿਫਾਰਸ਼ ਸਤਿਗੁਰਾਂ ਅਗੇ ਕੀਤੀ : ਇਹਨਾਂ ਨੂੰ ਕੁਛ ਜ਼ਮੀਨ ਆਪ ਜੀ ਦੇ ਦਿਓ । ਟੱਬਰ ਵੱਡਾ ਹੈ ਇਹਨਾਂ ਦਾ, ਗੁਜ਼ਰ ਬਸਰ ਠੀਕ ਹੋ ਜਾਵੇਗੀ । ਸਤਿਗੁਰਾਂ ਬਚਨ ਕੀਤਾ : ਇਹਨਾਂ ਦਾ ੫-੭ ਏਕੜ ਨਾਲ ਕੁਝ ਨਹੀਂ ਬਣਨਾ ਸਤਿਗੁਰ ਕਿਰਪਾ ਕਰਨਗੇ ਤਾਂ ਇਹ ਆਪ ਹੀ ਵੱਧ ਤੋਂ ਵੱਧ ਕਰ ਲੈਣਗੇ ।

"ਅਤੇ ਸਤਿਗੁਰਾਂ ਦਾ ਇਹ ਬਚਨ ਓਦੋਂ ਫਲੀ ਭੂਤ



ਸ: ਹਰੀ ਸਿੰਘ

ਹੋਇਆ ਜਦੋਂ ਅਸਾਂ ਇਸ ਥੇੜ੍ਹੂ ਤੇ ੩੦੦/- ਪ੍ਰਤੀ ਏਕੜ ਦੇਕੇ ਥੋੜੇ ਸਮੇਂ ਪਿਛੋਂ ਹੀ ਤਿੰਨ ਮੁਰੱਬੇ ਜ਼ਮੀਨ ਖਰੀਦ ਲਈ । ਸਤਿਗੁਰਾਂ ਦੇ ਇਸ ਜ਼ਮੀਨ ਵਿਚ ਚਰਨ ਪੁਆਏ । ਦੇਖਣ ਨੂੰ ਇਹ ਧਰਤੀ ਘਾਹ ਬੂਟ ਭਰੀ ਤੇ ਨਿਕੰਮੀ ਜਿਹੀ ਲਗਦੀ ਸੀ । ਕਿਸੇ ਨੇ ਕੋਲੋਂ ਕਿਹਾ : ਭੂੰਇ ਨਿਰਸ ਹੈ । ਸਤਿਗੁਰੂ ਜੀ ਨੇ ਤੁਰਤ ਬਚਨ ਕੀਤਾ : ਤੈਨੂੰ ਕੀ ਪਤਾ ਹੈ, ਇਹੋ ਧਰਤੀ ਸੋਨਾ ਉਗਲੇਗੀ ।"

### ਬਾਬਾ ਬੋਹੜ

ਬਾਬਾ ਵਡਾਣੀਆਂ ਨੇ ਦੱਸਿਆ : "ਅੱਜ ਸਾਡੀ ਧਰਤੀ ੩੫-੪੦ ਮਣ ਏਕੜ ਦੀ ਕੱਢ ਜਾਂਦੀ ਹੈ, ਅਤੇ ਅਸੀਂ ਖਾਸ ਖੇਚਲ ਵੀ ਨਹੀਂ ਕਰਦੇ ।"

ਬਾਬਾ ਸਚਮੁਚ ਹੀ ਅਪਣੇ ਪਰਵਾਰ ਵਿਚ ਬੋਹੜ ਦੀ ਛਾਂ ਹੈ । ਛੇ ਪੁੱਤਰਾਂ ਵਾਲੇ ਦੇ ਘਰ ੧੬ ਪੋਤਰੇ ਤੇ ੧੯ ਪੋਤਰੀਆਂ ਹਨ । ਸਾਰੇ ਪਰਵਾਰਾਂ ਦੇ ਮਕਾਨ ਪੱਕੇ ਹੋਣ ਵਲ ਵਧ ਰਹੇ ਹਨ । ਸੇਵਾ, ਸਤਿਕਾਰ ਤੇ ਪਿਆਰ ਇਸ ਘਰ ਦਾ ਵਿਸ਼ੇਸ਼ ਲੱਛਣ ਹੈ ।

ਮੈਂ ਆਪਣੇ ਪ੍ਰੋਗਰਾਮ ਅਧੀਨ ਦੋ ਵਜੇ ਦੁਪਹਿਰੇ ਹੀ ਪੱਛਮੀ ਕਰੀ ਵਾਲੇ ਨੂੰ ਤੁਰ ਪਿਆ । ਮੈਨੂੰ ਮਾਣ ਦੇਣ ਵਾਸਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਰਮ ਪ੍ਰੇਮੀ ਸ: ਹਰੀ ਸਿੰਘ



Sri Satguru Jagjit Singh Ji Elibrary NamdhariElibrary@gmail.com

ਜੱਥੇਦਾਰ ਝੱਬਰ ਦੀ ਸਖਤੀ ਤੋਂ ਕੁਝ ਲੋਕਾਂ ਨੂੰ ਪਰੇਸ਼ਾਨੀ ਵੀ ਸੀ ਪਰ ਉਹ ਦਿਨ ਹੀ ਐਸੇ ਸਨ (ਅੰਗਰੇਜ਼ੀ ਰਾਜ ਸਮੇਂ ਦੇ) ਕਿ ਚਾਰੇ ਕੰਨੀਆਂ ਸੋਧ ਕੇ ਤੁਰਨ ਦੀ ਲੋੜ ਸੀ। ਭੈਣੀ ਸਾਹਿਬ ਪ੍ਰਬੰਧ ਦੇ ਪਖੋਂ ਉਸ ਸਮੇ ਬਹੁਤ ਮਜ਼ਬੂਤ ਸੀ।

## ਪੁਰਾਣੇ ਸਿੱਖ

ਮੇਰੇ ਝੱਬਰ ਹੁਰਾਂ ਪਾਸ ਬੈਠਿਆਂ ਹੀ ਸੰਤ ਹਰਨਾਮ ਸਿੰਘ ਮਾਂਗਾ ਅਤੇ ਇਕ ਹੋਰ ਸੱਜਣ ਆ ਬੈਠੇ। ਗੱਲਬਾਤ ਚਲਦਿਆਂ ਗੁਰੂ ਰਾਮ ਸਿੰਘ ਜੀ ਵੇਲੇ ਦੀ ਚਰਚਾ ਛਿੜ ਪਈ। ਇਹਨਾਂ ਦੱਸਿਆ : ਸਤਿਗੁਰੂ ਰਾਮ ਸਿੰਘ ਜੀ ਨੇ ਐਸੀ ਉਤਸੁਕਤਾ ਲੋਕਾਂ ਦੇ ਅੰਦਰ ਜਗਾਈ ਕਿ ਲੋਕ ਲਭਦੇ ਫਿਰਦੇ ਸਨ, ਗੁਰੂ ਰਾਮ ਸਿੰਘ ਕਿਥੇ ਹੈ ? ਬਾਬਾ ਸ਼ੇਰ ਸਿੰਘ ਡਫਰਕੇ, ਜ਼ਿ: ਲਾਹੌਰ ਦਾ ਇਕ ਮਹਾਨ ਸੰਤ, ਜਿਸਨੇ ਅਪਣੇ ਘਰ ਸਤਿਜੁਗ ਦਾ, ਕੂਕਿਆਂ ਦਾ ਸਫੈਦ ਝੰਡਾ ਝੁਲਾਇਆ ਸੀ, ਪਹਿਲਾਂ ਪਹਿਲਾਂ ਗੁਰੂ ਰਾਮ ਸਿੰਘ ਜੀ ਦੀ ਟੋਹ ਲੈਂਦਾ ਲੈਂਦਾ, ਬਾਬਾ ਜਮੀਅਤ ਸਿੰਘ ਕਾਛੇ ਵਾਲੇ (ਪਿੰਡ ਕਾਹਨਾ-ਕਾਛਾ ਜ਼ਿਲਾ ਲਾਹੌਰ) ਪਾਸ ਆਇਆ। ਬਾਬਾ ਜਮੀਅਤ ਸਿੰਘ ਗੁਰੂ ਰਾਮ ਸਿੰਘ ਜੀ ਦੇ ਲੱਭੇ ਢਾਈ ਸਿਖਾਂ ਵਿਚੋਂ ਇਕ ਪੂਰਾ ਸਿਖ ਸੀ। ਇਸ ਪਾਸੋਂ ਸਤਿਗੁਰੂ ਰਾਮ ਸਿੰਘ ਜੀ ਦਾ ਪਤਾ ਪੁਛਿਆ ਅਤੇ ਉਨ੍ਹਾਂ ਦੇ ਚਰਨਾਂ ਵਿਚ ਹਾਜ਼ਰ ਹੋਕੇ ਭਜਨ ਪੁਛਕੇ ਸਿੰਘ ਸਜਿਆ।

ਇਨ੍ਹਾਂ ਹਰਨਾਮ ਸਿੰਘ ਹੁਰਾਂ ਇਹ ਵੀ ਦੱਸਿਆ ਕਿ ਇਤਿਹਾਸ ਵਿਚ ਲਿਖਿਆ ਕਿਤੇ ਮਿਲਿਆ ਨਹੀਂ, ਪਰ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਗੁਰੂ ਰਾਮ ਸਿੰਘ ਜੀ ਨੇ ਲਾਹੌਰ ਦਾ ਪਹਿਲਾ ਸੂਬਾ ਬਾਬਾ ਬਲਾਕਾ ਸਿੰਘ ਗਿੱਲ ਨਥੋਂਹ ਵਾਲਾ—(ਇਹ ਕੱਦ ਗਿੱਲ ਜ਼ਿ: ਅੰਮ੍ਰਿਤਸਰ ਤੋਂ ਉਠਕੇ ਆਇਆ ਸੀ)—ਨੂੰ ਬਣਾਇਆ। ਮਾਂਗੇ (ਮਾਂਗਾ ਜ਼ਿ: ਲਾਹੌਰ) ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਪਹਿਲੀ ਵਾਰ ਆਉਣ ਤੇ ਆਪ ਜੀ ਦੇ ਦੀਦਾਰੀਆਂ ਤੋਂ ਪ੍ਰਭਾਵਤ ਹੋ ਕੇ ਸੱਤ ਸਿੰਘਾਂ ਨੇ ਭਜਨ ਪੁੱਛ ਕੇ ਅਮ੍ਰਿਤ ਛਕਿਆ।

ਇਹ ਸਿੰਘ ਜੱਟਾਂ ਵਿਚੋਂ ਸਨ। ਇਹਨਾਂ ਦੇ ਨਾਂਅ ਸਨ :

ਬਾਬਾ ਸੰਤਾ ਸਿੰਘ ਮਾਂਗਾ
ਬਾਬਾ ਵਸਾਵਾ ਸਿੰਘ ਮਾਂਗਾਂ
ਬਾਬਾ ਧੰਨਾ ਸਿੰਘ ਦਾ ਬਾਪ, ਸੰਤ ਫਤਹ ਸਿੰਘ



ਸੰਤ ਗੁਰਮੁਖ ਸਿੰਘ ਝੱਬਰ

ਵੀ ਮੇਰੇ ਨਾਲ ਹੋ ਪਿਆ। ਰਾਹ ਵਿਚ ਅਨੇਕ ਪਰਕਾਰ ਦੀਆਂ ਗੱਲਾਂਬਾਤਾਂ ਕਰਦੇ ਅਸੀਂ ਕਰੀਵਾਲੇ ਪਹੁੰਚ ਗਏ।

## ਪੱਛਮੀ ਕਰੀ ਵਾਲੇ

ਲਾਹੌਰ ਜ਼ਿਲੇ ਦੇ ਪ੍ਰਸਿਧ ਮਹਾਪੁਰਸ਼ ਸੰਤ ਸੁੰਦਰ ਸਿੰਘ ਪਾਜੀ ਵਾਲਿਆਂ ਦੇ ਇਕਲੌਤੇ ਬੇਟੇ ਸੰਤ ਤਾਰਾ ਸਿੰਘ ਦੇ ਪਰਵਾਰ ਵਿਚ ਗਿਆ। ਇਹ ਮੇਰਾ ਮਾਮਾ-ਪਰਵਾਰ ਹੈ। ਏਥੇ ਮੈਂ ਆਪਣੇ ਪਿੰਡ ਦੇ ਡਫਰਕਿਆਂ ਦੇ ਬਜ਼ੁਰਗ ਸੰਤ ਹਰਨਾਮ ਸਿੰਘ ਜੀ ਨੂੰ ਵੀ ਮਿਲਿਆ ਇਹ ੮੦ ਸਾਲਾਂ ਦੇ ਲਾਗ-ਚਾਗ ਸਨ। ਇਹਨਾਂ ਦੇ ਵਡੇਰੇ ਬਾਬਾ ਸ਼ੇਰ ਸਿੰਘ ਡਫਰਕੇ ਦੀ ਹੀ ਭਵਿਖਬਾਣੀ ਸੀ ਕਿ ਗੁਰੂ ਹਰੀ ਸਿੰਘ ਜੀ ਦੀਆਂ ਦੋ ਸ਼ਾਦੀਆਂ ਹੋਣਗੀਆਂ ਤੇ ਹੋਣਗੀਆਂ ਵੀ ਜੱਟੀਆਂ ਨਾਲ। ਇਹਨਾਂ ਦੇ ਘਰ ਬੜਾ ਪ੍ਰਤਾਪੀ ਪੁੱਤਰ ਜਨਮੇਗਾ ਨਾਮ ਵੀ ਪ੍ਰਤਾਪ ਸਿੰਘ ਹੋਵੇਗਾ।

## ਪੂਰਬੀ ਕਰੀ ਵਾਲੇ

੫ ਕੁ ਵਜੇ ਮੈਂ ਪੂਰਬੀ ਕਰੀਵਾਲਾ ਦੇ ਸੰਤ ਗੁਰਮੁਖ ਸਿੰਘ ਝੱਬਰ ਦੇ ਘਰ ਜਾ ਝਾਤ ਪਾਈ। ਪਿਤਾ ਪੁੱਤਰ ਦੋਵੇਂ ਘਰ ਸਨ। ਸੰਤ ਗੁਰਮੁਖ ਸਿੰਘ ਝੱਬਰ ਨੇ, ਭੈਣੀ ਸਾਹਿਬ ਵਿਖੇ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ, ੨੦ ਸਾਲ ਇਕ ਛਤਰ ਰਾਜ ਕੀਤਾ ਹੈ। ਦਬ ਦਬੇ ਭਰਿਆ ਰਾਜ ਜਦੋਂ ਪਿੰਡ ਦੇ ਵਿਰੋਧੀ ਸੋ ਵੇਰ ਸੋਚ ਕੇ ਇਕ ਵਾਰ ਖੰਘਦੇ ਸਨ।



Sri Satguru Jagjit Singh Ji Elibrary NamdhariElibrary@gmail.com

ਪ੍ਰਚਾਰਕ ਦਾ ਪੜਦਾਦਾ

ਬਾਬਾ ਸੱਦਾ ਸਿੰਘ ਮਾਂਗਾ

ਬਾਬਾ ਸ਼ੇਰ ਸਿੰਘ ਸਾਹਣ ਮਾਰ, ਮਾਂਗਾ ਆਦਿ

ਇਸ ਇਲਾਕੇ ਨੂੰ ਸਤਿਗੁਰਾਂ ਦਰਸ਼ਨ ਦੇ ਕੇ, ਦੌਰੇ ਕਰ ਕਰ ਕੇ ਹਰਾ ਭਰਾ ਕਰ ਦਿਤਾ ।

ਗੁਰੂ ਹਰੀ ਸਿੰਘ ਜੀ ਦੇ ਸਮੇਂ ਸਿੱਖ ਬਾਬਾ ਵਸਾਖਾ ਸਿੰਘ ਜੀ ਬੱਗਾ ਦੀ ਪ੍ਰੇਰਨਾ ਨਾਲ ਹੇਠ ਲਿਖੇ ਸਰੀਰ ਭਜਨ ਪੁਛ ਅਮ੍ਰਿਤ ਛਕ, ਸਿਖ ਸਜੇ । ਇਹ ਸਾਰੇ ਸਿੰਘ ਤੰਬੋਲੀ ਕੇ ਖੂਹਾਂ (ਜ਼ਿ: ਲਾਹੌਰ) ਦੇ ਸਨ :

ਬਾਬਾ ਜੈਮਲ ਸਿੰਘ

ਬਾਬਾ ਸੁਹੇਲ ਸਿੰਘ

ਬਾਬਾ ਸੀਮਾ ਸਿੰਘ

ਬਾਬਾ ਨਿਹਾਲ ਸਿੰਘ

ਬਾਬਾ ਨੰਦ ਸਿੰਘ

ਬਾਬਾ ਖੁਸ਼ਹਾਲ ਸਿੰਘ

ਬਾਬਾ ਵੀਰ ਸਿੰਘ

ਬਾਬਾ ਬੂਟਾ ਸਿੰਘ

### ਗੁਰਿੰਡਨਾਮੇ ਤੋਂ ਕੈਦ

ਦੋਹਾਂ ਸਜਣਾਂ ਇਕ ਹੋਰ ਪਿਛਲੀ ਘਟਨਾ ਸੁਣਾਈ : ਅੱਜ ਤੋਂ ਕਰੀਬ ੬੮ ਸਾਲ (੧੯੧੦ ਈ:) ਪਹਿਲਾਂ ਕਿਲਾ ਹਰਨਾਮ ਸਿੰਘ ਦੇ ਇਕ ਧਰਮ ਸਿੰਘ ਨਾਮੀ ਪ੍ਰੇਮੀ ਨੇ, ਜੁ ਗੁਰਿੰਡਨਾਮੇ ਦੀ ਇਕ ਲਿਖਤੀ ਪੁਸਤਕ ਬੜੀ ਸੰਭਾਲ ਸੰਭਾਲ ਕੇ ਰਖਦਾ ਰਿਹਾ ਸੀ, ਉਸ ਨੇ ਅੰਮ੍ਰਿਤਸਰ ਆਕੇ, ਇਕ ਪਸਿਤੀ ਜਿਹੀ ਥਾਂ ਤੇ ਦੁਕਾਨਦਾਰੀ ਜਾਰੀ ਕੀਤੀ ਅਤੇ ਨਾਲ ਹੀ 'ਗੁਰਿੰਡਨਾਮਾ' ਛਪਵਾਣ ਦੇ ਜਤਨ ਜਾਰੀ ਕੀਤੇ । ਪਰ ਅੰਗਰੇਜ਼ੀ ਹਕੂਮਤ ਤੋਂ ਡਰਦਿਆਂ ਕਿਸੇ ਸਿਖ ਜਾਂ ਹਿੰਦੂ ਪ੍ਰੈਸ ਨੇ ਇਸ ਪੁਸਤਕ ਨੂੰ ਛਾਪਣ ਦੀ ਹਿੰਮਤ ਨਹੀਂ ਕੀਤੀ । ਪਰ ਇਕ ਦੇਸ਼ ਭਗਤ ਅਤੇ ਨਾਮਧਾਰੀਆਂ ਦੇ ਪ੍ਰੇਮੀ ਮੁਸਲਮਾਨ ਪ੍ਰੈਸ ਵਾਲੇ ਨੇ ਗੁਰਿੰਡਨਾਮੇ ਦੀ ਪਹਿਲੀ ਛਾਪੇ ਦੀ ਪ੍ਰਤੀ ਛਾਪੀ (ਲਿਥੋ ਪ੍ਰੈਸ ਹੋਵੇਗਾ), ਅਤੇ ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਅਪਣੇ ਸਮੇਂ ਦੇ ਪਹਿਲੇ ਹੋਲੇ ਤੇ ਅਨੰਦਪੁਰ ਦਰਸ਼ਨ ਦਿਤੇ, ਓਦੋਂ ਲਿਆਕੇ ਸੰਗਤਾਂ ਵਿਚ ਇਹ 'ਗੁਰਿੰਡਨਾਮਾ' ਵੰਡਿਆ ।

ਪੁਸਤਕ ਛਪਣ ਤੋਂ ਤਿੰਨ ਮਹੀਨੇ ਪਿਛੋਂ ਭਾਈ ਧਰਮ ਸਿੰਘ ਦੇ ਵਾਰੰਟ ਨਿਕਲ ਆਏ । ਗ੍ਰਿਫਤਾਰ ਕਰਕੇ ਜੇਲ ਭੇਜ



ਸੰਤ ਹਰਨਾਮ ਸਿੰਘ ਮਾਂਗਾ

ਦਿਤਾ ਗਿਆ । ਜੇਲ ਅੰਮ੍ਰਿਤਸਰ ਦੀ ਹੀ ਹੋਵੇਗੀ । ਧਰਮ ਸਿੰਘ ਨੇ ਨਾਮਧਾਰੀਆਂ ਵਾਲੀ ਮਰਿਆਦਾ ਰੱਖੀ ਹੋਈ ਸੀ । ਉਸ ਨੇ ਜੇਲ ਦਾ ਖਾਣਾ ਪੀਣਾ ਪਰਵਾਨ ਨਾ ਕੀਤਾ । ਜਦੋਂ ਜੇਲਰ ਨੂੰ ਪਤਾ ਲਗਾ ਕਿ ਧਰਮ ਸਿੰਘ ਜੇਲ ਵਾਲਿਆਂ ਦਾ ਕੁਛ ਵੀ ਖਾਏ ਪੀਏਗਾ ਨਹੀਂ । ਉਹਨਾਂ ਸੰਬੰਧਤ ਅਧਿਕਾਰੀਆਂ ਨਾਲ ਗੱਲਬਾਤ ਤੇ ਕਾਗਜ਼ ਤਿਆਰ ਕਰਕੇ ਇਸਨੂੰ ਤੰਬੀਹ ਕਰਕੇ ਛਡ ਦਿਤਾ । ਉਦੋਂ ਸਿੰਘਾਂ ਦੇ ਦ੍ਰਿੜ ਵਿਸ਼ਵਾਸ ਦੀ ਕੋਈ ਹੱਦ ਨਹੀਂ । ਸਿੰਘਾਂ ਨੇ ਕਦੀ ਅੰਗਰੇਜ਼ੀ ਨਹੀਂ ਮੰਨੀ ।

ਜਥੇਦਾਰ ਭੱਬਰ ਪਾਸ ਇਕ ਘੰਟਾ ਬੈਠ, ਜੋ ਮੈਂ ਪਤਾ ਕਰਨਾ ਚਾਹੁੰਦਾ ਸਾਂ ਕਰਕੇ ਵਾਪਸ ਪਰਤ ਆਇਆ ।

### ੨੮ ਜੂਨ ੧੯੭੮ ਬੁੱਧਵਾਰ
### ਜੰਮੂ (ਜੇ.ਕੇ.)

ਤਲਵੰਡੀ ਝੁੰਗਲਾਂ, ਵਡਾਲਾ ਗ੍ਰੰਥੀਆਂ ਅਤੇ ਬਟਾਲੇ ਤੋਂ ਹੁੰਦਿਆਂ ਹੋਇਆਂ ਪਠਾਨਕੋਟ ਤੇ ਫਿਰ ੧੧.੩੦ ਵਜੇ ਤਕ ਪਠਾਨਕੋਟ ਡਿਪੂ ਦੀ ਇਕ ਬੱਸ ਤੇ ਜੰਮੂ ਆਣ ਉਤਰਿਆ ।

### ਜੰਮੂ ਵਿਚ ਦਰਸ਼ਨ

੧੨ ਵਜੇ ਦੇ ਕਰੀਬ ਸੰਤਾਂ ਦੇ ਅਹਾਤੇ ਵਿਚ ਸੰਤ ਕੁਲਦੀਪ ਸਿੰਘ ਦੇ ਘਰ ਪੁੱਜਾ । ਪਤਾ ਲਗਾ ਸਤਿਗੁਰੂ ਜੀ



Sri Satguru Jagjit Singh Ji Elibrary NamdhariElibrary@gmail.com

ਦੋ ਘੰਟੇ ਪਹਿਲਾਂ ਤੋਂ ਏਥੇ ਦਰਸ਼ਨ ਦੇ ਰਹੇ ਹਨ। ਜਾਂ ਮੈਂ ਦਰਸ਼ਨ ਇੱਛਾ ਨਾਲ ਪੌੜੀਆਂ ਚੜ੍ਹਨ ਲਗਾ ਤਾਂ ਪਹਿਲੀ ਮਨਜ਼ਲ ਤੇ ਆਪ ਦੇ ਅੱਡੀ ਦੇ ਕੁਰਤੇ-ਕਛਹਿਰੇ ਤੇ ਸੁੱਚੀਆਂ ਜਰਾਬਾਂ ਨਾਲ ਪਊਏ ਪਹਿਨੀਂ ਦਰਸ਼ਨ ਹੋਏ। ਆਪ ਪੌੜੀਆਂ ਉਤਰਨ ਲਗੇ ਸਨ। ਮੈਨੂੰ ਵੇਖ ਰੁਕ ਗਏ। ਨਮਸਕਾਰ ਕੀਤੀ ਸਤਿਗੁਰੂ ਜੀ ਨੇ ਮੈਨੂੰ ਮਾਣ ਦਿੰਦਿਆਂ ਫ਼ਰਮਾਇਆ : ਜਦੋਂ ਮੈਂ ੨੨ ਤਾਰੀਖ਼ ਨੂੰ ਸ਼ਾਮੀਂ ਬੈਂਕੋਕ ਤੋਂ ਜਹਾਜ਼ ਰਾਹੀਂ ਵਾਪਸ ਦਿੱਲੀ ਆਇਆ ਤਾਂ ਹਰਵਿੰਦਰ ਸਿੰਘ ਨੂੰ ਪੁਛਿਆ, ਕਵੀ ਹੁਰੀਂ ਨਹੀਂ ਆਏ ? ਉਹ ਵੀ ਅਜੇ ਸਿੱਧਾ ਹੀ ਭਰਤਪੁਰੋਂ ਆਇਆ ਸੀ।

ਫਿਰ ਸੱਚੇ ਪਾਤਸ਼ਾਹ ਜੀ ਨੇ ਉਪਰ ਵਲ ਬਾਂਹ ਤੇ ਇਕ ਉਂਗਲ ਕਰਕੇ, ਉਤਲੀ ਛੱਤ ਵਲ ਇਸ਼ਾਰਾ ਕਰਦਿਆਂ ਕਿਹਾ : ਲੰਗਰ ਉੱਪਰ ਹੈ।

ਸੰਤ ਕੁਲਦੀਪ ਸਿੰਘ ਦੇ ਮਕਾਨ ਦੀ ਧੁਰ ਉਪਰਲੀ ਛੱਤੇ ਪ੍ਰਸ਼ਾਦ ਛਕ ਕੇ ਸਤਿਗੁਰੂ ਜੀ ਨਾਲ ਦੇ ਸੰਤ ਕਰਤਾਰ ਸਿੰਘ ਦੇ ਮਕਾਨ ਵਿਚ ਬਿਰਾਜਣ ਲਈ ਪਧਾਰੇ। ਮਾਤਾ ਜੀ ਅਤੇ ਠਾਕੁਰ ਦਲੀਪ ਸਿੰਘ ਜੀ ਵੀ ਨਾਲ ਸੀ। ਠਾਕਰ ਜੀ ਦੇ ਚਿਹਰੇ ਤੇ ਫੁਲਵਹਿਰੀ ਦਾ ਨਿਸ਼ਾਨ ਸੀ, ਪਰ ਉਹ ਆਗਿਆ ਮੰਨ ਕੇ ਹੀ ਏਥੇ ਆ ਗਏ ਸਨ।

## ਕੁੱਲੂ ਵਾਲਿਆਂ ਦੀ ਰਹਿ ਆਈ

ਸਤਿਗੁਰੂ ਜੀ ਦੇ ਬਚਨ ਕਰਨ ਤੋਂ ਮਾਲੂਮ ਹੋਇਆ ਕਿ ੨੨.੬.੭੮ ਨੂੰ ਉਹ ਹਵਾਈ ਜਹਾਜ਼ ਦੁਆਰਾ ਬੈਂਕੋਕ ਤੋਂ ਦਿੱਲੀ ਆਣ ਉਤਰੇ। ੨੩.੬.੭੮ ਨੂੰ ਸਵੇਰੇ ਜਹਾਜ਼ ਨਾਲ ਹੀ ਚੰਡੀਗੜ੍ਹ ਅਤੇ ਏਥੋਂ ਅਪਣੀ ਕਾਰ ਤੇ ਮੰਡੀ (ਹਿਮਾਚਲ) ਪਹੁੰਚ ਪ੍ਰਸ਼ਾਦ ਛਕਿਆ, ਏਸੇ ਦਿਨ ਸ਼ਾਮੀਂ ੫ ਕੁ ਵਜੇ ਕੁੱਲੂ ਅੱਪੜ ਗਏ। ਕੁੱਲੂ ਵਾਲੇ ਸੰਤ ਨਿਰੰਜਨ ਸਿੰਘ ਹੁਰਾਂ ਨੂੰ ਤਸੱਲੀ ਹੋਈ ਕਿ ਉਨ੍ਹਾਂ ਦੀ ਰਹਿ ਆਈ ਹੈ। ਡਰ ਲਗਦਾ ਸੀ ਕਿ ਉਹਨਾ ਦਾ ਮੇਲਾ ਕਿਤੇ ਦਰਸ਼ਨ ਵਿਹੂਣਾ ਨਾ ਰਹਿ ਜਾਏ।

ਕੁੱਲੂ ਪਹੁੰਚ ਸਤਿਗੁਰਾਂ ਦੀ ਇੱਛਾ ਸੀ ਕਿ ਪੰਡਿਤ ਗੋਪਾਲ ਸਿੰਘ ਜੀ ਦਾ ਦੀਵਾਨ ਲਗਾ ਹੋਵੇ ਤਾਂ ਉਸ ਵਿਚ ਦਰਸ਼ਨ ਦੇਣ, ਪਰ ਅੱਠ ਵਜੇ ਸੰਤ ਬਲਵੰਤ ਸਿੰਘ ਸਾਹਿਬਾ ਬਾਦ ਦੀ ਵਾਰੀ ਸੀ ਸੋ ਸੱਚੇ ਪਾਤਸ਼ਾਹ ਉਸ ਸਮੇਂ ਦੀਵਾਨ ਵਿਚ ਪਧਾਰੇ। ਸਾਧ ਸੰਗਤ ਦੇ, ਗੁਰੂ ਦਰਸ਼ਨ ਕਰਕੇ ਚਿਤ ਖਿੜ ਗਏ, ਆਨੰਦ ਬਣ ਗਿਆ।

੨੪.੬ ਨੂੰ ਸੰਤ ਫਰੀਦ ਜੀ ਦੇ ਸੰਤ ਨਗਰੀਏ ਜਥੇ ਦੁਆਰਾ ਰੱਖੇ, ਸੰਤ ਨਿਰੰਜਨ ਸਿੰਘ ਘਰ ਅਖੰਡ ਪਾਠਾਂ ਦੇ ਭੋਗ ਸਮੇਂ ਸੱਚੇ ਪਾਤਸ਼ਾਹ ਜੀ ਨੇ ਦਰਸ਼ਨ ਦੇ ਕੇ. ਜਲਪਾਨ ਕਰ ਕਰਾ, ਲੰਗਰ ਭੁੱਤਰ ਆਣ ਕੀਤਾ ਸ: ਜਗਦੀਸ਼ ਸਿੰਘ ਸਰਾਫ਼ ਵਲ। ਫਿਰ ਆਪ ੨੬.੬ ਤਕ ਮੰਡੀ ਵਿਖੇ ਹੀ ਦਰਸ਼ਨ ਦਿਤੇ। ਸ਼ਾਮੀਂ ਮੰਡੀਓਂ ਪ੍ਰਸਥਾਨ ਕਰ, ਨਗਰੌਂਫੇ ਵਿਚ ਦੀ ਹੁੰਦੇ ਹੋਏ ਰਾਤ ਪਠਾਣ ਕੋਟ ਆ ਕੱਟੀ।

੨੭ ਜੂਨ ੧੯੭੮ ਨੂੰ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਦੇ ਵਡੇ ਸਾਹਿਬਜ਼ਾਦੇ ਠਾਕੁਰ ਸ਼ਮਸ਼ੇਰ ਸਿੰਘ ਜੀ ਦੇ ਸਹੁਰਿਆਂ ਘਰ, ਗੁਰਦਾਸਪੁਰ ਵਿਖੇ ਆ ਦਰਸ਼ਨ ਦਿਤੇ, ਅਤੇ ਅੱਜ ੨੮.੬ ਨੂੰ ਜੰਮੂ ਸ਼ਹਿਰ ਨੂੰ ਆਣ ਨਿਵਾਜਿਆ ਹੈ।

ਹਰ ਸੁਬਹ ਸਫਰ, ਹਰ ਸ਼ਾਮ ਸਫਰ।
ਇਸ ਜ਼ਿੰਦਗੀ ਕਾ ਅੰਜਾਮ ਸਫਰ।

## ਦਿੱਲੀ ਦੇ ਪਿਆਰਿਆਂ ਨੂੰ

ਦੋ ਘੰਟੇ ਸ: ਕਰਤਾਰ ਸਿੰਘ ਦੇ ਘਰ ਆਰਾਮ ਕਰ ਸੱਚੇ ਪਾਤਸ਼ਾਹ ਸੰਤ ਕੁਲਦੀਪ ਸਿੰਘ ਦੇ ਘਰ ਆਏ ਅਤੇ ਏਥੇ ਦਿੱਲੀ ਨੂੰ ਟੈਲੀਫੋਨ ਕਰਨ ਲਈ ਡਾਇਲ ਘੁਮਾਇਆ, ਪਰ ਹਰਵਿੰਦਰ ਸਿੰਘ ਹੰਸਪਾਲ ਦਾ ਕਿਸੇ ਤਰ੍ਹਾਂ ਯਾਦੋਂ ਨੰਬਰ ਉਖੜ ਗਿਆ ਤਾਂ ਮੇਰੀ ਐਡਰੈਸ ਬੁਕ ਕੰਮ ਆਈ। ਸ: ਹੰਸਪਾਲ ਟਰੇਡਰਜ਼ ਬੈਂਕ ਦਾ ਡਾਇਰੈਕਟਰ ਚੁਣਿਆ ਗਿਆ ਹੈ। ਇਸ ਗੱਲੋਂ ਪ੍ਰਸੰਨ ਹੋਏ ਆਪ ਹੰਸਪਾਲ ਨੂੰ ਕੰਟੈਕਟ ਕਰਨਾ ਚਾਹੁੰਦੇ ਸਨ। ਫੋਨ ਮਿਲਦਿਆਂ ਹੀ ਆਪ ਨੇ ਮੇਰੇ ਵਲੋਂ ਮੁਬਾਰਕ ਦਿਤੀ। ਉਸ ਦੱਸਿਆ ਕਿ ਬੈਂਕ ਦੀਆਂ ਦੋ ਸ਼ਾਖਾ ਹੋਰ ਪਰਵਾਨ ਹੋ ਗਈਆਂ ਹਨ। ਫਿਰ ਹੰਸਪਾਲ ਦੇ ਕੋਲ ਬੈਠੇ ਅਪਣੇ ਸਾਬਕਾ ਸਕੱਤਰ ਗੁਰਭਜਨ ਸਿੰਘ ਨੂੰ ਵੀ ਨਿਵਾਜਿਆ। ਏਥੇ ਹੀ ਠਾਕਰ ਜੀ ਛੋਟੇ ਬੈਠੇ ਸਨ ਸ਼ਬਦ "ਨਿੱਕੂ" ਨਾਲ ਮੁਖਾਤਬ ਕਰਕੇ ਹੁਕਮ ਕੀਤਾ ਕਿ ਸਵੇਰ ਤਕ ਜੀਵਨ ਨਗਰ ਪੁੱਜ ਜਾਣ। ਮਾਤਾ ਜੀ ਵਲੋਂ ਮਿਲੇ ਸੁਨੇਹੇ ਅਨੁਸਾਰ ਬੀਬੀ ਗੁਰਦੇਵ ਸਪੁਤਰੀ ਉਸਤਾਦ ਨੱਥਾ ਸਿੰਘ ਤੋਂ ਅਪਣੇ ਸੀਤੇ ਬਸਤਰ ਲੈ ਲੈਣ ਲਈ ਪੱਕੀ ਕੀਤੀ ਅਤੇ ਪੁਛਿਆ ਕਿ ਕਿਸ ਸਾਧਨ ਨਾਲ ਜੀਵਨ ਨਗਰ ਜਾਣਗੇ। ਪਤਾ ਲਗਣ ਤੇ ਕਿ ਸੁਰਿੰਦਰ ਸਿੰਘ ਮਨਚੰਦਾ ਦੀ ਮਾਟਾਡੋਰ ਲੈ ਜਾਵੇਗੀ। ਹੰਸਪਾਲ ਦੇ ਹੀ ਕੋਲ ਬੈਠੇ ਮਨਚੰਦਾ ਨੂੰ ਚੋਂਗਾ ਦਿਵਾਕੇ ਬਚਨ ਕੀਤਾ : ਠੀਕ ਹੈ ਤੇਰੀ ਗੱਡੀ ਦੁਆਰਾ ਚਲੇ ਜਾਣ।

(ਚਲਦਾ)



Sri Satguru Jagjit Singh Ji Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers



CONCETE MIXER 7/5

Phones : Office : 529033
Factory : 501973
Resi. : 505454

# BALWANT SINGH & SONS

Office : 4E/11 JHANDEWALA EXTN.
NEW DELHI 110055

Factory : A 2/3, MAYA PURI, PHASE II
Opp C-70 NEW DELHI-110064


Sri Satguru Jagjit Singh Ji Elibrary NamdhariElibrary@gmail.com

Registered No. NW/JL—253 MONTHLY WARIAM September October 1984
Registered with the registrar of News Papers for India No. 26453/75

# Poonam Biscuits Private Ltd.

**Manufacturers**

**of**

**Quality Biscuits**

Office & Factory :

**E-23 M. I. D. C. Area**
**Chikalthana, Aurangabad-431210**
( Maharashtra )
Phone : 8626

Our Associates :

# Harbhajan Sarbjeet & Associates

ENGINEERS & CONTRACTORS

**H.O. : 72 Hazratganj Lucknow-226001**
Phone : 52746

ਅੰਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ ।

Monthly WARIAM, Ladowali Road, Jalandhar-144001.

Sri Satguru Jagjit Singh Ji Elibrary NamdhariElibrary@gmail.com